੧ੴ ਸਤਿਗੁਰ ਪ੍ਰਸਾਦਿ ॥

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥

# ਨਾਨਕਸ਼ਾਹੀ ਕੈਲੰਡਰ ਦੀ ਵਿਥਿਆ

*(ਗੁਰਬਾਣੀ ਅਤੇ ਵਿਗਿਆਨ ਦੇ ਅਧਾਰ 'ਤੇ ਦਲੀਲਾਂ ਬਨਾਮ 'ਕੂੜੇ ਮੂਰਖ ਕੀ ਹਾਠੀਸਾ')*

ਲੇਖਕ :

**ਸ: ਕਿਰਪਾਲ ਸਿੰਘ ਬਠਿੰਡਾ**

(ਮੋਬਾ:) +91-98554-80797 (ਘਰ) +91-164-2210797

**E-mail : kirpalsinghbathinda@gmail.com**

ਪ੍ਰਕਾਸ਼ਕ :

**ਗੁਰਮਤਿ ਸੇਵਾ ਲਹਿਰ**

ਭਾਈ ਬਖਤੌਰ (ਬਠਿੰਡਾ)

ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

## ਤਤਕਰਾ

- ਮੁੱਖ ਬੰਦ .......... 3
- ਵਿਸ਼ੇਸ਼ ਧੰਨਵਾਦ .......... 10
- ਦੋ ਸ਼ਬਦ .......... 12
- ਹੈਨਿ ਵਿਰਲੇ .......... 15
- ਸੰਦੇਸ਼ .......... 17
- ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ ? .......... 21
- (ਕੁ) ਸੋਧਿਆ ਕੈਲੰਡਰ - ਗਜਾ ਕਰਕੇ ਲਿਆਂਦੀ ਦਾਲ ਵਰਗਾ .... 35
- ਨਾਨਕਸ਼ਾਹੀ ਕੈਲੰਡਰ ਦੇ ਵਿਰੋਧ ਦਾ ਮੁੱਖ ਕਾਰਨ : 'ਕੂੜੇ ਮੂਰਖ ਕੀ ਹਾਠੀਸਾ' .......... 45
- ਗਿਆਨੀ ਗੁਰਬਚਨ ਸਿੰਘ ਲਈ ਅਕਾਲ ਤਖ਼ਤ ਸਾਹਿਬ ਦਾ ਰੁਤਬਾ ਤੇ ਸਤਿਕਾਰ ਬਹਾਲ ਕਰਵਾਉਣ ਲਈ ਪਰਖ ਦੀ ਘੜੀ .... 60



**2003 ਵਾਲਾ ਨਾਨਕਸ਼ਾਹੀ ਕੈਲੰਡਰ ਮੁੜ ਬਹਾਲ ਕਰਵਾਉਣ ਲਈ ਮਿਤੀ 9 ਜੁਲਾਈ 2013 ਨੂੰ ਗੁਰਦੁਆਰਾ ਸਿੰਘ ਸਭਾ, ਬਠਿੰਡਾ ਵਿਖੇ ਮਤਾ ਪਾਸ ਕਰਦੇ ਹੋਏ**

# ਮੁੱਖ ਬੰਦ

ਵੀਹਵੀਂ ਸਦੀ ਦੇ ਸ਼ੁਰੂ ਵਿਚ ਚੱਲੀਆਂ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਦੌਰਾਨ ਅਨੇਕਾਂ ਕੁਰਬਾਨੀਆਂ ਤੋਂ ਬਾਅਦ ਗੁਰਦੁਆਰਾ ਐਕਟ-1925 ਰਾਹੀਂ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ। ਸ਼ੁਰੂ-ਸ਼ੁਰੂ ਵਿਚ ਭਾਵੇਂ ਇਸ ਕਮੇਟੀ ਨੇ ਕੁਝ ਚੰਗੇ ਕੰਮ ਵੀ ਕੀਤੇ, ਪਰ ਗਿਣਨਯੋਗ ਸਿਰਫ਼ ਦੋ ਹੀ ਕੰਮ ਹੋਏ ਸਨ, ਜਿਨ੍ਹਾਂ ਨੂੰ ਕੁਝ ਪ੍ਰਾਪਤੀ ਕਿਹਾ ਜਾ ਸਕਦਾ ਸੀ। ਪਹਿਲਾ ਸੀ ਕੌਮ ਦੇ ਵਿਦਵਾਨਾਂ ਵੱਲੋਂ 14 ਸਾਲ ਦੇ ਗੰਭੀਰ ਮੰਥਨ ਪਿੱਛੋਂ 1945 ’ਚ ਸਿੱਖ ਰਹਿਤ ਮਰਯਾਦਾ ਬਣਨੀ ਤੇ ਦੂਸਰਾ ਸੀ 10 ਸਾਲਾਂ ਦੀ ਘਾਲਣਾ ਪਿੱਛੋਂ ਹੋਂਦ ਵਿਚ ਆਇਆ ਤੇ 2003 ਵਿਚ ਲਾਗੂ ਹੋਇਆ ਨਾਨਕਸ਼ਾਹੀ ਕੈਲੰਡਰ। ਸਿੱਖ ਰਹਿਤ ਮਰਯਾਦਾ ਦਾ ਮੁੱਖ ਮੰਤਵ ਸੀ ਇੱਕ ਨਾਲੋਂ ਟੁੱਟ ਕੇ ਆਪੋ ਆਪਣੀਆਂ ਵੱਖ ਵੱਖ ਮਰਯਾਦਾਵਾਂ ਚਲਾ ਕੇ ਅਨੇਕਤਾ ਨਾਲ ਜੁੜਨ ਕਾਰਨ ਖੇਰੂੰ-ਖੇਰੂੰ ਹੋਏ ਪੰਥ ਨੂੰ ਏਕਤਾ ਦੀ ਲੜੀ ਵਿਚ ਪ੍ਰੋਰਨਾ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦਾ ਮੁੱਖ ਮੰਤਵ ਸੀ ਹਰ ਸਾਲ ਬਦਲਵੀਆਂ ਤਾਰੀਖਾਂ ਨੂੰ ਆ ਰਹੇ ਗੁਰਪੁਰਬ ਤੇ ਇਤਿਹਾਸਕ ਦਿਹਾੜਿਆਂ ਨੂੰ ਸਦਾ ਲਈ ਸਥਿਰ ਕਰਨਾ ਤਾਂ ਕਿ ਸਾਨੂੰ ਤਾਰੀਖਾਂ ਯਾਦ ਰੱਖਣੀਆਂ ਸੌਖੀਆਂ ਹੋ ਜਾਣ। ਕੌਮਾਂ ਦੇ ਦੁਸ਼ਮਣਾਂ ਦੀ ਹਮੇਸ਼ਾਂ ਇਹ ਚਾਲ ਹੁੰਦੀ ਹੈ ਕਿ ਇੱਕ ਨਾਲੋਂ ਤੋੜ ਕੇ ਦੋ ਨਾਲ ਜੋੜ ਦਿਓ ਤੇ ਫਿਰ ਦੋ ਤੋਂ ਵੱਧਦੇ ਵਧਦੇ ਅਨੇਕਤਾ ਵੱਲ ਮੂੰਹ ਕਰਵਾ ਕੇ ਕੌਮ ਵਿਚ ਵੰਡੀਆਂ ਪਾਉਣੀਆਂ। ਸੰਤ ਸਮਾਜ ਦੇ ਆਗੂ ਜਿਹੜੇ ਆਪਣੇ ਆਪਣੇ ਡੇਰਿਆਂ ਦੇ ਮੁਖੀਆਂ ਨੂੰ ਸਿੱਧੇ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਆਪਣੇ ਹੱਥੀਂ ਵਰੋਸਾਏ ਹੋਣਾ ਦੱਸ ਕੇ ਦਾਅਵਾ ਤਾਂ ਇਹ ਕਰਦੇ ਹਨ ਕਿ ਗੁਰੂ ਸਾਹਿਬ ਜੀ ਨੇ ਅਸਲ ਮਰਯਾਦਾ ਸਿਰਫ਼ ਉਨ੍ਹਾਂ ਦੇ ਮਹਾਂਪੁਰਖ ਨੂੰ ਹੀ ਸਮਝਾਈ ਸੀ, ਜਿਹੜੀ ਸੀਨਾ ਬਸੀਨਾ ਚਲਦੀ ਹੋਈ ਹੁਣ ਉਨ੍ਹਾਂ ਪਾਸ ਪੁੱਜੀ ਹੈ। ਇਸ ਲਈ ਸਿਰਫ਼ ਉਨ੍ਹਾਂ ਦੇ ਡੇਰੇ ਦੀ ਮਰਯਾਦਾ ਹੀ ਸਰਬੋਤਮ ਹੈ, ਤੇ ਜੋ ਪ੍ਰਚਾਰ ਉਹ ਕਰ ਰਹੇ ਹਨ ਸਿਰਫ਼ ਉਹ ਹੀ ਅਸਲੀ ਸਿੱਖੀ ਹੈ ਤੇ ਬਾਕੀ ਸਭ ਕੂੜ ਪ੍ਰਚਾਰ ਹੀ ਹੈ। ਇਸ ਲਈ ਇਨ੍ਹਾਂ ਨੇ ਕੌਮੀ ਏਕਤਾ ਦਾ ਪ੍ਰਗਟਾਵਾ ਕਰਨ ਲਈ ਅੱਜ ਤੱਕ ਨਾਂਹ ਤਾਂ ਪੰਥ ਵੱਲੋਂ ਸਾਂਝੇ ਤੌਰ ’ਤੇ ਬਣਾਈ ਤੇ ਅਕਾਲ ਤਖ਼ਤ ਤੋਂ ਜਾਰੀ ਕੀਤੀ ਸਿੱਖ ਰਹਿਤ ਮਰਯਾਦਾ ਹੀ ਮੰਨੀ ਹੈ ਤੇ ਨਾਂਹ ਹੀ ਨਾਨਕਸ਼ਾਹੀ ਕੈਲੰਡਰ ਮੰਨਿਆ ਹੈ। ਹੈਰਾਨੀ ਤਾਂ ਇਹ ਹੈ ਕਿ ਇੱਕੋ ਗੁਰੂ ਤੋਂ ਉਨ੍ਹਾਂ ਦੇ ਮਹਾਂਪੁਰਖਾਂ ਰਾਹੀਂ ਸੀਨਾ ਬਸੀਨਾ ਸਿੱਧੀ ਉਨ੍ਹਾਂ ਪਾਸ ਪਹੁੰਚੀ ਮਰਯਾਦਾ ਦਾ ਦਾਅਵਾ ਕਰਨ ਵਾਲਿਆਂ ਸਭਨਾਂ ਦੇ ਡੇਰਿਆਂ ਦੀ ਮਰਿਆਦਾ ਵੀ ਵੱਖਰੀ ਵੱਖਰੀ ਹੋਣ ਕਾਰਨ ਆਪਣੇ ਝੂਠ ਦਾ ਪਾਜ ਇਹ ਆਪ ਹੀ ਉਘੇੜ ਰਹੇ ਹਨ। ਸਿੱਖਾਂ ਵੱਲੋਂ ਇਨ੍ਹਾਂ ਵਿਹਲੜ ਪਾਖੰਡੀ ਸਾਧਾਂ ਨੂੰ ਪੁੱਛਣਾਂ ਤਾਂ ਇਹ ਚਾਹੀਦਾ ਸੀ ਕਿ ‘ੴ’ ਨਾਲ ਜੋੜਨ ਵਾਲਾ ਇੱਕੋ ਗੁਰੂ ਤੁਹਾਨੂੰ ਸਾਰਿਆਂ ਨੂੰ ਵੱਖ ਵੱਖ ਮਰਿਆਦਾਵਾਂ ਦੱਸ ਕੇ ਪੰਥ ਵਿਚ ਵੰਡੀਆਂ



ਪਾ ਗਿਆ! ਜਾਂ ਤੁਸੀਂ ਗੁਰੂ ਸਾਹਿਬ ਜੀ ਦਾ ਨਾਮ ਵਰਤ ਕੇ ਪਾਈਆਂ ਜਾ ਰਹੀਆਂ ਵੰਡੀਆਂ ਰਾਹੀਂ ਕੌਮ ਨੂੰ ਖ਼ਤਮ ਕਰਨ ਦਾ ਠੇਕਾ ਲਿਆ ਹੋਇਆ ਹੈ!! ਪਰ ਤ੍ਰਾਸਦੀ ਇਹ ਹੈ ਕਿ ਇਹ ਪੁੱਛਣ ਦੀ ਬਜਾਏ, ਭੋਲ਼ੇ ਸਿੱਖਾਂ ਦੀ ਬਹੁ ਗਿਣਤੀ ਉਨ੍ਹਾਂ ਨੂੰ ਬ੍ਰਹਮ ਗਿਆਨੀ ਦੱਸ ਕੇ ਉਨ੍ਹਾਂ ਦੇ ਅਖੌਤੀ ਬਚਨਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਚਨਾਂ ਨਾਲੋਂ ਵੀ ਵੱਧ ਮਹੱਤਵ ਦੇ ਰਹੇ ਹਨ। ਇਹੋ ਕਾਰਨ ਹੈ ਕਿ ਇੱਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਦਾ ਦਾਅਵਾ ਕਰਨ ਵਾਲੇ ਸਿੱਖ ਪਾਟੋਧਾੜ ਹੋਏ ਪਏ ਹਨ।

ਸ਼੍ਰੋਮਣੀ ਕਮੇਟੀ ’ਤੇ ਇਸ ਸਮੇਂ ਸਿਰਫ਼ ਗੰਦੀ ਸਿਆਸਤ ਹੀ ਭਾਰੂ ਨਹੀਂ ਹੋਈ ਸਗੋਂ ਅਸਿੱਧੇ ਤੌਰ ’ਤੇ ਪੰਥ ਦੀ ਦੁਸ਼ਮਣ ਜਮਾਤ ਆਰ.ਐੱਸ.ਐੱਸ. ਦਾ ਕਬਜ਼ਾ ਹੋ ਚੁੱਕਿਆ ਹੈ। ਇਸ ਕਾਰਨ ਨਾਨਕਸ਼ਾਹੀ ਕੈਲੰਡਰ ਦਾ ਤਾਂ 2010 ਵਿਚ ਸੋਧਾਂ ਦੇ ਨਾਮ ’ਤੇ ਮਿਲਗੋਭਾ ਬਣਾ ਕੇ ਕਤਲ ਕਰ ਦਿੱਤਾ ਹੈ; ਹੁਣ ਸਿੱਖ ਰਹਿਤ ਮਰਿਆਦਾ ਖ਼ਤਮ ਕਰਨ ਦੀ ਤਿਆਰੀ ਬਿਲਕੁਲ ਹੋ ਚੁੱਕੀ ਹੈ। ਜੇ ਕਰ ਤਿੰਨ ਸਾਲ ਤੋਂ ਸੋਧਾਂ ਦੇ ਨਾਮ ’ਤੇ ਵੱਡੇ ਪੱਧਰ ’ਤੇ ਪਏ ਵਿਗਾੜਾਂ ਦਾ ਤਜਰਬਾ ਹੰਢਾਉਣ ਉਪ੍ਰੰਤ ਵੀ ਨਾਨਕਸ਼ਾਹੀ ਕੈਲੰਡਰ ਨੂੰ ਖ਼ਤਮ ਕੀਤੇ ਜਾਣ ਦਾ ਵੱਡੇ ਪੱਧਰ ’ਤੇ ਵਿਰੋਧ ਨਾ ਹੋਇਆ ਤਾਂ ਸਿੱਖ ਰਹਿਤ ਮਰਯਾਦਾ ਵੀ ਬਹੁਤ ਛੇਤੀ ਖ਼ਤਮ ਕਰ ਦੇਣੀ ਹੈ। ਇਹ ਠੀਕ ਹੈ ਕਿ ਜਿਸ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਦਾ ਅਸਲ ਸਰੂਪ ਜੋ 1999 ਵਿਚ ਲਾਗੂ ਹੋਣਾ ਸੀ; ਉਸ ਵਿਚ ਸੰਤ ਸਮਾਜ ਦੇ ਦਬਾਅ ਕਾਰਨ ਤਿੰਨ ਦਿਹਾੜੇ- ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ, ਬੰਦੀਛੋੜ ਦਿਵਸ ਅਤੇ ਹੋਲਾ ਮਹੱਲਾ ਨਾਨਕਸ਼ਾਹੀ ਕੈਲੰਡਰ ਦੀ ਬਜਾਏ ਪੁਰਾਤਨ ਪ੍ਰਚਲਤ ਮਰਯਾਦਾ ਅਨੁਸਾਰ ਚੰਦਰਮਾਂ ਦੀਆਂ ਤਿੱਥਾਂ ਅਨੁਸਾਰ ਕੀਤੇ ਜਾਣ ਅਤੇ ਮੱਸਿਆ, ਪੂਰਨਮਾਸ਼ੀਆਂ ਦਾ ਸੰਕੇਤਕ ਵੇਰਵਾ ਦੇਣ ਉਪ੍ਰੰਤ ਹੀ 2002 ਵਿਚ ਲਾਗੂ ਹੋਇਆ ਸੀ। ਇਸ ਲਈ ਸੋਧ ਤਾਂ ਇਹ ਕਰਨ ਦੀ ਲੋੜ ਸੀ ਕਿ 7 ਸਾਲ ਦੇ ਤਜ਼ਰਬੇ ਪਿੱਛੋਂ ਨਾਨਕਸ਼ਾਹੀ ਕੈਲੰਡਰ ਦੀ ਉਪਯੋਗਤਾ ਦਾ ਸਾਰਿਆਂ ਨੂੰ ਭਲੀਭਾਂਤ ਸਮਝ ਆ ਗਈ ਹੋਵੇਗੀ ਇਸ ਲਈ ਡੇਰੇਦਾਰਾਂ ਨੂੰ ਖ਼ੁਸ਼ ਕਰਨ ਦੀ ਭਾਵਨਾਂ ਨਾਲ ਕੀਤੀਆਂ ਤਬਦੀਲੀਆਂ ਦੂਰ ਕਰਕੇ ਇਸ ਨੂੰ ਮੁਕੰਮਲ ਤੌਰ ’ਤੇ ਨਾਨਕਸ਼ਾਹੀ ਬਣਾਇਆ ਜਾਂਦਾ; ਪਰ ਇਹ ਸੋਧ ਕਰਨ ਦੀ ਬਜਾਏ 4 ਗੁਰਪਰਬ ਹੋਰ ਚੰਦਰਮਾਂ ਦੀਆਂ ਤਿੱਥਾਂ ਅਨੁਸਾਰ ਅਤੇ ਮਹੀਨੇ ਦੀਆਂ ਪਹਿਲੀਆਂ ਤਾਰੀਖਾਂ ਬਿਕ੍ਰਮੀ ਕੈਲੰਡਰ ਦੀਆਂ ਸੰਗਰਾਂਦਾਂ ਨਾਲ ਜੋੜ ਕੇ ਇਸ ਦਾ ਐਨਾ ਹੁਲੀਆ ਵਿਗਾੜ ਦਿੱਤਾ ਹੈ ਕਿ ਹੁਣ ਇਸ ਨੂੰ ਨਾਨਕਸ਼ਾਹੀ ਕੈਲੰਡਰ ਕਹਿਣਾ ਹੀ ਗ਼ਲਤ ਹੈ ਤੇ ਕੌਮ ਨਾਲ ਇੱਕ ਵੱਡਾ ਧੋਖਾ ਹੈ।

ਇਹ ਗ਼ੈਰ-ਸਿਧਾਂਤਕ ਸੋਧਾਂ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਉਪ-ਪ੍ਰਧਾਨ ਭਾਈ ਬਲਦੇਵ ਸਿੰਘ ਸਿਰਸਾ ਨੇ 9-6-2011 ਨੂੰ ਗੁਰਦੁਆਰਾ ਜੁਡੀਸ਼ਲ ਕੋਰਟ ਵਿਚ ਇਸ ਨੁਕਤੇ ਨੂੰ ਉਜਾਗਰ ਕੀਤਾ ਸੀ ਕਿ ਇਹ ਸੋਧਾਂ ਗ਼ੈਰ-ਸਿਧਾਂਤਕ ਤਾਂ ਹੈ ਹੀ ਹਨ ਗ਼ੈਰ-ਸੰਵਿਧਾਨਕ ਵੀ ਹਨ ਕਿਉਂਕਿ 2003 ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕਰਨ ਉਪਰੰਤ

ਨਾਨਕਸ਼ਾਹੀ ਕੈਲੰਡਰ ਲਾਗੂ ਹੋਇਆ ਸੀ ਪਰ 2010 ਵਿਚ ਕਾਰਜਕਾਰਨੀ ਕਮੇਟੀ ਨੇ ਹੀ ਜਨਰਲ ਹਾਊਸ ਦੇ ਫ਼ੈਸਲੇ ਨੂੰ ਉਲਟਾ ਕੇ ਇਸ ਵਿਚ ਮਨਮਰਜ਼ੀ ਦੀਆਂ ਸੋਧਾਂ ਕਰ ਦਿੱਤੀਆਂ ਜਦੋਂਕਿ ਕਾਰਜਕਾਰਨੀ ਕਮੇਟੀ ਨੂੰ ਜਨਰਲ ਹਾਊਸ ਦਾ ਫ਼ੈਸਲਾ ਬਦਲਣ ਦਾ ਕੋਈ ਵੀ ਕਾਨੂੰਨਨ ਜਾਂ ਸੰਵਿਧਾਨਕ ਹੱਕ ਨਹੀਂ ਹੈ। ਇਸ ਕੇਸ ਵਿਚ ਸਾਰੀਆਂ ਗਵਾਹੀਆਂ ਹੋ ਚੁੱਕੀਆਂ ਹਨ ਪਰ ਜਿਸ ਤਰ੍ਹਾਂ ਕਿਸੇ ਵੀ ਭਾਰਤੀ ਅਦਾਲਤ ਵਿਚ ਸਿੱਖ ਕੌਮ ਨੂੰ ਇਨਸਾਫ਼ ਮਿਲਣ ਦੀ ਬਹੁਤੀ ਸੰਭਾਵਨਾ ਨਹੀਂ ਹੁੰਦੀ ਜਾਂ ਬੇਵਜ੍ਹਾ ਕੇਸ ਲਮਕਾਇਆ ਜਾਂਦਾ ਹੈ ਉਸੇ ਤਰ੍ਹਾਂ ਇਸ ਕੇਸ ਦਾ ਫ਼ੈਸਲਾ ਵੀ ਲਟਕ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ (ਕੁ) ਸੋਧਾਂ ਵਾਪਸ ਕਰਾਉਣ ਲਈ ਜਨਤਕ ਲਹਿਰ ਖੜ੍ਹੀ ਕੀਤੀ ਜਾਵੇ। ਲਹਿਰ ਖੜ੍ਹੀ ਕਰਨ ਵਿਚ ਵੱਡਾ ਅੜਿੱਕਾ ਇਹ ਹੈ ਕਿ ਬਹੁ ਗਿਣਤੀ ਸਿੱਖ ਨਾ ਤਾਂ ਖ਼ੁਦ ਗੁਰਬਾਣੀ ਪੜ੍ਹਦੇ ਹਨ ਤੇ ਨਾ ਹੀ ਸਿੱਖ ਇਤਿਹਾਸ ਤੇ ਹੋਰ ਜ਼ਰੂਰੀ ਦਸਤਾਵੇਜ਼ ਪੜ੍ਹਦੇ ਹਨ। ਇਸ ਲਈ ਗੁਰੂ ਦੇ ਗਿਆਨ ਤੋਂ ਬਿਲਕੁਲ ਕੋਰੇ ਹਨ ਤੇ ਆਪਣੇ ਵਿਰਸੇ ਨਾਲੋਂ ਟੁੱਟ ਚੁੱਕੇ ਹਨ। ਇਸ ਕਿਤਾਬਚੇ ਵਿਚ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗ਼ੈਰ-ਸਿਧਾਂਤਕ ਸੋਧਾਂ ਰੱਦ ਕਰਕੇ ਅਸਲੀ ਨਾਨਕਸ਼ਾਹੀ ਕੈਲੰਡਰ ਮੁੜ ਬਹਾਲ ਕਰਵਾਉਣ ਲਈ ਆਵਾਜ਼ ਬੁਲੰਦ ਕਰਨ ਵਾਸਤੇ ਕੈਲੰਡਰ ਬਾਰੇ ਸਿੱਖਾਂ ਨੂੰ ਸਿਖਿਅਤ ਕਰਨ ਦਾ ਇੱਕ ਉਪਰਾਲਾ ਕੀਤਾ ਗਿਆ ਹੈ; ਜਿਸ ਵਿਚ ਬਿਕ੍ਰਮੀ ਕੈਲੰਡਰ, ਨਾਨਕਸ਼ਾਹੀ ਕੈਲੰਡਰ ਅਤੇ (ਕੁ) ਸੋਧੇ ਹੋਏ ਕੈਲੰਡਰ ਦੇ ਗੁਣ ਔਗੁਣਾਂ ਦੀ ਜਾਣਕਾਰੀ ਦੇਣ ਲਈ ਚਾਰ ਲੇਖ ਸ਼ਾਮਲ ਕੀਤੇ ਗਏ ਹਨ। ਪਹਿਲਾ ਲੇਖ ਹੈ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤ ਸ: ਪਾਲ ਸਿੰਘ ਪੁਰੇਵਾਲ ਅਤੇ ਡਾ : ਬਲਵੰਤ ਸਿੰਘ ਮੁਖੀ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਦਸਤਖਤਾਂ ਹੇਠ ਛਪਿਆ ਲੇਖ 'ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ ?' ਇਹ ਲੇਖ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਨਾਨਕਸ਼ਾਹੀ ਕੈਲੰਡਰ (ਜੰਤਰੀ ਟਾਈਪ) ਦੇ ਮੁੱਢਲੇ 8 ਪੰਨਿਆਂ 'ਤੇ ਇਸ ਦੇ ਜਾਰੀ ਹੋਣ ਦੇ ਸੰਮਤ ਨਾਨਕਸ਼ਾਹੀ 535 (ਸੰਨ 2003-04) ਤੋਂ ਸੰਮਤ 542 (ਸੰਨ 2010-11) ਤੱਕ ਭਾਵ ਵਿਗਾੜੇ ਜਾਣ ਤੋਂ ਪਹਿਲਾਂ ਲਗਾਤਾਰ 7 ਸਾਲ ਛਪਦਾ ਰਿਹਾ ਹੈ। ਇਨ੍ਹਾਂ ਕੈਲੰਡਰਾਂ ਵਿਚ ਪਹਿਲੇ ਪੰਨੇ 'ਤੇ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨਾਂ ਦੇ ਦਸਤਖ਼ਤਾਂ ਹੇਠ ਉਨ੍ਹਾਂ ਦਾ ਸੰਦੇਸ਼ ਵੀ ਛਪਦਾ ਰਿਹਾ ਹੈ। 2006 ਤੋਂ 2010 ਤੱਕ ਲਗਾਤਾਰ 4 ਸਾਲ ਤਾਂ; ਵਿਗਾੜ ਪਾਊ ਦੋ ਮੈਂਬਰੀ ਕਮੇਟੀ ਦੇ ਮੈਂਬਰ; ਮੌਜੂਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਵੀ ਦਸਤਖ਼ਤ ਹੁੰਦੇ ਰਹੇ ਹਨ। ਜੇ ਕਦੀ ਦਸਤਖ਼ਤ ਕਰਨ ਸਮੇਂ ਵੀ ਸ: ਮੱਕੜ ਜੀ ਇਸ ਲੇਖ ਨੂੰ ਕਦੀ ਪੜ੍ਹ ਲੈਂਦੇ ਤਾਂ ਕਦੀ ਵੀ ਉਨ੍ਹਾਂ ਦੀ ਜ਼ਮੀਰ ਨਾਨਕਸ਼ਾਹੀ ਕੈਲੰਡਰ ਨੂੰ ਕਤਲ ਕਰਨ ਦਾ ਹੌਂਸਲਾ ਨਾ ਕਰ ਸਕਦੀ। ਪਰ ਜੇ ਪੜ੍ਹਨ ਪਿੱਛੋਂ ਵੀ ਉਹ ਕਤਲ ਕਰਨ ਦੇ ਖਲਨਾਇਕ ਬਣਨ ਲਈ ਤਿਆਰ ਹੋ ਗਏ ਹਨ ਤਾਂ ਜ਼ਰੂਰ ਹੀ ਉਨ੍ਹਾਂ ਦੀ ਜ਼ਮੀਰ ਮਰ ਚੁੱਕੀ ਹੋਵੇਗੀ। ਬਾਕੀ ਦੇ ਬਹੁ ਗਿਣਤੀ ਸਿੱਖ ਵੀ ਸਿਰਫ਼ ਸੰਗਰਾਂਦਾਂ ਤੇ ਗੁਰਪੁਰਬ ਵੇਖਣ ਲਈ ਹੀ ਕਦੀ



ਇਸ ਕੈਲੰਡਰ ਨੂੰ ਵੇਖਦੇ ਹੋਣਗੇ, ਜੇ ਪੜ੍ਹਿਆ ਹੁੰਦਾ ਜਾਂ ਪੜ੍ਹ ਕੇ ਯਾਦ ਰੱਖਿਆ ਹੁੰਦਾ ਤਾਂ ਕੁਸੋਧਾਂ ਵਿਰੁੱਧ ਹੁਣ ਤੱਕ ਤੂਫਾਨ ਖੜ੍ਹਾ ਹੋ ਗਿਆ ਹੁੰਦਾ। ਜਿਨ੍ਹਾਂ ਨੇ ਵੀ ਇਸ ਲੇਖ ਨੂੰ ਥੋਹੜਾ ਬਹੁਤ ਪੜ੍ਹਿਆ ਤੇ ਯਾਦ ਰੱਖਿਆ ਹੈ ਉਹ ਕੁਸੋਧਾ ਲਾਏ ਜਾਣ ਤੋਂ ਹੁਣ ਤੱਕ ਅਵਾਜ਼ ਉਠਾ ਰਹੇ ਹਨ। (ਕੁ) ਸੋਧਾਂ ਕਰਨ ਤੋਂ ਬਾਅਦ ਕਿਉਂਕਿ ਸੋਧ ਕਮੇਟੀ ਕੋਲ ਕੋਈ ਵੀ ਅਜਿਹਾ ਠੋਸ ਕਾਰਨ ਨਹੀਂ ਸੀ ਜਿਸ ਸਦਕਾ ਉਹ ਲੋਕਾਂ ਦੀ ਇਹ ਤਸੱਲੀ ਕਰਵਾ ਸਕਣ ਕਿ ਉਨ੍ਹਾਂ ਨੇ ਇਹ ਸੋਧਾਂ ਕਿਉਂ ਤੇ ਕਿਵੇਂ ਕੀਤੀਆਂ ਹਨ। ਕਿਉਂਕਿ ਇਹ ਸੋਧਾਂ ਤਾਂ ਨਾਨਕਸ਼ਾਹੀ ਕੈਲੰਡਰ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਜਾਂ ਸਮਝੌਤੇ ਅਧੀਨ ਹੀ ਕੀਤੀਆਂ ਹਨ ਪਰ ਜ਼ਾਹਰਾ ਤੌਰ 'ਤੇ ਲਿਖ ਨਹੀਂ ਸਕਦੇ ਇਸ ਲਈ ਸ: ਪੁਰੇਵਾਲ ਵਾਲੇ ਲੇਖ ਅਤੇ ਪ੍ਰਧਾਨ ਦੇ ਸੰਦੇਸ਼ ਵਾਲੇ ਪਹਿਲੇ 10 ਪੰਨੇ ਹੀ ਸ਼੍ਰੋਮਣੀ ਕਮੇਟੀ ਵਲੋਂ ਛਪਦੇ ਕੈਲੰਡਰ (ਜੰਤਰੀ) ਵਿਚੋਂ ਉਡਾ ਦਿੱਤੇ ਗਏ। ਇਸ ਸਾਜਿਸ਼ ਨੂੰ ਨੰਗਾ ਕਰਨ ਹਿੱਤ; ਸ: ਪੁਰੇਵਾਲ ਦੇ ਉਸ ਲੇਖ ਬਾਰੇ ਸਿੱਖ ਸੰਗਤ ਨੂੰ ਪੜ੍ਹਾਉਣ ਲਈ ਇਸ ਕਿਤਾਬਚੇ ਵਿਚ ਸ਼ਾਮਲ ਕੀਤਾ ਗਿਆ ਹੈ। ਬਾਕੀ ਦੇ ਤਿੰਨ ਲੇਖ ਇਸ ਲੇਖਕ ਦੀ ਕਲਮ ਤੋਂ ਹਨ ਜੋ ਕੁਝ ਵੈੱਬ ਸਾਈਟਾਂ ਅਤੇ ਮੈਗਜ਼ੀਨਾਂ ਵਿਚ ਪਹਿਲਾਂ ਛਪ ਚੁੱਕੇ ਹਨ ਪਰ ਆਮ ਸੰਗਤ ਵੱਲੋਂ ਇੰਟਨੈੱਟ ਦੀ ਵਰਤੋਂ ਘੱਟ ਕੀਤੇ ਜਾਣ ਕਰਕੇ ਇਹ ਬਹੁ ਗਿਣਤੀ ਦੀ ਪਹੁੰਚ ਤੋਂ ਦੂਰ ਹੀ ਰਹੇ ਹਨ। ਇਸ ਲਈ ਇਸ ਕਿਤਾਬਚੇ ਰਾਹੀਂ ਉਨ੍ਹਾਂ ਲੇਖਾਂ ਨੂੰ ਆਮ ਸੰਗਤ ਦੇ ਹੱਥਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਵਿੱਚੋਂ (ਪਹਿਲਾ ਲੇਖ) ਭਾਵ ਇਸ ਕਿਤਾਬਚੇ ਦਾ ਦੂਜਾ ਲੇਖ 'ਧੁਮੱਕੜਸ਼ਾਹੀ ਕੈਲੰਡਰ ਪਿੰਡਾਂ ਦੇ ਗੁਰਦੁਆਰਿਆਂ ਤੇ ਸਾਧਾਂ ਦੇ ਡੇਰਿਆਂ ਵਿਚ ਡਾਲੀ ਰਾਹੀਂ ਗਜਾ ਕਰਕੇ ਲਿਆਂਦੀ ਗਈ ਦਾਲ ਵਰਗਾ' ਸਿਰਲੇਖ ਹੇਠ ਹੈ। ਇਸ ਲੇਖ ਵਿਚ ਬਿਕ੍ਰਮੀ ਕੈਲੰਡਰ, ਜੂਲੀਅਨ ਕੈਲੰਡਰ, ਗੈਰੀਗੋਰੀਅਨ ਕੈਲੰਡਰ, ਨਾਨਕਸ਼ਾਹੀ ਕੈਲੰਡਰ ਅਤੇ (ਕੁ) ਸੋਧੇ ਹੋਏ ਨਾਨਕਸ਼ਾਹੀ ਕੈਲੰਡਰ (ਜਿਸ ਨੂੰ ਕੈਲੰਡਰ ਵਿਗਾੜੂ ਦੋ ਮੈਂਬਰੀ ਕਮੇਟੀ ਦੇ ਮੈਂਬਰ ਧੁੰਮਾ + ਮੱਕੜ ਦੇ ਨਾਮ 'ਤੇ ਧੁਮੱਕੜਸ਼ਾਹੀ ਕੈਲੰਡਰ ਦਾ ਨਾਮ ਦੇਣਾ ਹੀ ਜ਼ਿਆਦਾ ਢੁਕਵਾਂ ਹੋਵੇਗਾ) ਦੇ ਗੁਣਾਂ ਔਗੁਣਾਂ ਦੀ ਜਾਣਕਾਰੀ ਦੇ ਕੇ ਸਿੱਟਾ ਇਹ ਕੱਢਿਆ ਗਿਆ ਹੈ ਕਿ ਸਿੱਖ ਇਤਿਹਾਸ ਦੀ ਤਾਰੀਖਾਂ ਯਾਦ ਰੱਖਣ ਅਤੇ ਹਮੇਸ਼ਾਂ ਮੌਸਮੀ ਸਾਲ ਨਾਲ ਜੁੜੇ ਰਹਿਣ ਲਈ ਨਾਨਕਸ਼ਾਹੀ ਕੈਲੰਡਰ ਹੀ ਸਿੱਖਾਂ ਲਈ ਸਭ ਤੋਂ ਵੱਧ ਢੁਕਵਾਂ ਤੇ ਗੁਰਬਾਣੀ ਦੇ ਵੀ ਅਨੂਕੂਲ ਹੈ। ਇਸ ਵਿਚ ਦੇਸੀ ਮਹੀਨਿਆਂ ਦੇ ਦਿਨਾਂ ਦੀ ਗਿਣਤੀ, ਉਨ੍ਹਾਂ ਦੇ ਅਰੰਭ ਦੀਆਂ ਤਾਰੀਖਾਂ (ਜਿਸ ਨੂੰ ਬਿਪ੍ਰਵਾਦੀ ਲੋਕ ਸੰਗਰਾਂਦਾਂ ਆਖਦੇ ਹਨ), ਗੁਰਪੁਰਬ ਅਤੇ ਸਾਰੇ ਇਤਿਹਾਸਕ ਤਾਰੀਖਾਂ ਦੁਨੀਆਂ ਭਰ ਵਿਚ ਪ੍ਰਚਲਤ ਕੈਲੰਡਰ ਦੇ ਈਸਵੀ ਸੰਨ ਦੀ ਤਾਰੀਖਾਂ ਨਾਲ ਪੱਕੀ ਤਰ੍ਹਾਂ ਬੰਨ੍ਹ ਦਿੱਤੇ (Synchronise) ਹੋਣ ਕਰਕੇ ਹਮੇਸ਼ਾਂ ਲਈ ਸਥਿਰ ਤਾਰੀਖਾਂ ਨੂੰ ਹੀ ਆਉਂਦੀਆਂ ਹਨ ਇਸ ਲਈ ਯਾਦ ਰੱਖਣੀਆਂ ਬਹੁਤ ਹੀ ਆਸਾਨ ਹਨ। ਬਿਕ੍ਰਮੀ ਕੈਲੰਡਰ ਤਾਂ ਨੁਕਸਦਾਰ ਹੈ ਹੀ; ਮਿਲਗੋਭਾ ਹੋਣ ਕਰਕੇ (ਕੁ) ਸੋਧੇ ਨਾਨਕਸ਼ਾਹੀ

ਕੈਲੰਡਰ ਦਾ ਹਾਲ ਬਿਕ੍ਰਮੀ ਕੈਲੰਡਰ ਨਾਲੋਂ ਵੀ ਬਹੁਤ ਮਾੜਾ ਹੈ ਅਤੇ ਸਿੱਖ ਇਤਿਹਾਸ ਵਿਗਾੜਨ ਵਿਚ ਵੱਡੇ ਪੱਧਰ 'ਤੇ ਹਿੱਸਾ ਪਾ ਰਿਹਾ ਹੈ। ਹੋਰ ਤਾਂ ਹੋਰ ਜਿਹੜੇ ਲੋਕ ਇਹ ਰੌਲ਼ਾ ਪਾਉਂਦੇ ਨਹੀਂ ਥਕਦੇ ਕਿ ਪੁਰੇਵਾਲ ਨੇ ਨਾਨਕਸ਼ਾਹੀ ਕੈਲੰਡਰ ਨੂੰ ਈਸਵੀ ਕੈਲੰਡਰ ਨਾਲ ਜੋੜ ਕੇ ਅੰਗਰੇਜ਼ਾਂ ਦੀ ਗੁਲਾਮੀ ਕਬੂਲ ਕੀਤੀ ਹੈ ਇਸ ਲਈ ਸਾਨੂੰ ਉਹ ਕੈਲੰਡਰ ਮਨਜ਼ੂਰ ਨਹੀਂ ਹੈ। ਦੂਸਰਾ ਦੋਸ਼ ਲਾਉਂਦੇ ਹਨ ਕਿ ਪੁਰੇਵਾਲ ਦੇ ਕੈਲੰਡਰ ਵਿਚ ਸਾਰੀਆਂ ਤਾਰੀਖਾਂ ਅਸਲ ਨਹੀ ਬਲਕਿ ਮਿਥੀਆਂ ਹਨ ਇਸ ਲਈ ਉਸ ਨੇ ਇਤਿਹਾਸ ਨੂੰ ਮਿਥਿਹਾਸ ਬਣਾ ਦਿੱਤਾ ਹੈ ਅਤੇ ਚਾਰ ਚਾਰ ਗੁਰਪੁਰਬ ਇਕੱਠੇ ਕਰਕੇ ਸਿੱਖ ਇਤਿਹਾਸ ਵਿਗਾੜ ਦਿੱਤਾ ਹੈ। ਉਨ੍ਹਾਂ ਦੇ ਆਪਣੇ ਸੋਧੇ ਕੈਲੰਡਰ ਦਾ ਹਾਲ ਵੇਖੋ! ਇਸ (ਕੁ) ਸੋਧੇ ਕੈਲੰਡਰ ਵਿਚ ਓਹੀ ਚਾਰ ਚਾਰ ਗੁਰਪੁਰਬ ਇਕੱਠੇ ਆ ਰਹੇ ਹਨ। ਗੁਰੂ ਅਰਜੁਨ ਸਾਹਿਬ ਜੀ ਦਾ ਸ਼ਹੀਦੀ ਪੁਰਬ ਕਦੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਪੁਰਬ ਤੋਂ 18-20 ਦਿਨ ਪਹਿਲਾਂ ਆ ਜਾਂਦਾ ਹੈ ਕਦੀ ਪਿੱਛੋਂ। ਸ: ਪੁਰੇਵਾਲ ਨੇ ਕੋਈ ਵੀ ਇਤਿਹਾਸਕ ਤਾਰੀਖ ਮਿੱਥੀ ਨਹੀਂ, ਬਲਕਿ ਸੂਰਜ ਦੇ ਹਿਸਾਬ ਦੇਸੀ ਮਹੀਨਿਆਂ ਦੀਆਂ ਅਸਲੀ ਤਾਰੀਖਾਂ ਲਈਆਂ ਹਨ; ਜਿਹੜੀਆਂ ਇਤਿਹਾਸ ਵਿਚ ਦਰਜ ਹਨ ਤੇ ਹਰ ਕੋਈ ਇਨ੍ਹਾਂ ਤਾਰੀਖਾਂ ਨੂੰ ਮੁੱਢਲੇ ਹਵਾਲਿਆਂ ਤੋਂ ਵੇਖ ਕੇ ਤਸਦੀਕ ਕਰ ਸਕਦਾ ਹੈ। ਇਹ ਇਤਿਹਾਸਕ ਤਾਰੀਖਾਂ ਈਸਵੀ ਸੰਨ ਦੀਆਂ ਜਿਹੜੀਆਂ ਸਥਿਰ ਤਾਰੀਖਾਂ ਨੂੰ ਆ ਰਹੀਆਂ ਹਨ; ਉਨ੍ਹਾਂ ਦਾ ਅਸਲੀ ਤਾਰੀਖਾਂ ਨਾਲੋਂ ਫ਼ਰਕ ਹੋਣ ਦਾ ਕਾਰਨ ਹੋਰਨਾਂ ਕੈਲੰਡਰਾਂ ਵਿਚ ਹੋਈਆਂ ਹੁਣ ਤੱਕ ਦੀਆਂ ਸੋਧਾਂ ਹਨ ਨਾ ਕਿ ਸ: ਪੁਰੇਵਾਲ ਵੱਲੋਂ ਮਿਥੀਆਂ ਹੋਣ ਕਰਕੇ। ਮਿਸਾਲ ਵਜੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਇਤਿਹਾਸ ਮੁਤਾਬਕ ਹਾੜ ਵਦੀ 7, 21 ਹਾੜ ਸੰਮਤ 1652, 19 ਜੂਨ ਸੰਨ 1595 ਨੂੰ ਹੋਇਆ ਸੀ। ਪੁਰੇਵਾਲ ਸਾਹਿਬ ਨੇ ਅਸਲੀ ਤਾਰੀਖ 21 ਹਾੜ ਹੀ ਲਈ ਹੈ ਜੋ ਜੂਲੀਅਨ ਕੈਲੰਡਰ ਵਿਚ ਹੋਈ 10-11 ਦਿਨ ਦੀ ਸੋਧ ਅਤੇ ਬਿਕ੍ਰਮੀ ਸਾਲ, ਮੌਸਮੀ ਸਾਲ (ਅਤੇ ਈਸਵੀ ਸਾਲ) ਤੋਂ ਪਹਿਲਾਂ ਲਗਪਗ 24 ਮਿੰਟ ਵੱਡਾ ਹੋਣ ਕਰਕੇ 60-61 ਸਾਲ ਵਿਚ ਇੱਕ ਦਿਨ ਪਿੱਛੇ ਰਹਿ ਜਾਂਦਾ ਸੀ ਤੇ ਹੁਣ 1964 ਵਿਚ ਕੀਤੀ ਸੋਧ ਉਪ੍ਰੰਤ 20 ਮਿੰਟ ਵੱਡਾ ਹੋਣ ਕਰਕੇ 70-71 ਸਾਲਾਂ ਵਿਚ ਇੱਕ ਦਿਨ ਪਿੱਛੇ ਰਹਿ ਰਿਹਾ ਹੈ। ਇਸ ਫ਼ਰਕ ਦੇ ਗਣਿਤ ਪਿਛੋਂ ਨਾਨਕਸ਼ਾਹੀ ਕੈਲੰਡਰ ਵਿਚ ਹੁਣ ਇਹ 21 ਹਾੜ; 5 ਜੁਲਾਈ ਨੂੰ ਨਿਸਚਿਤ ਹੋਇਆ ਹੈ ਜਿਹੜਾ ਕਿ ਸਦਾ ਲਈ ਹੀ ਇਸ ਸਥਿਰ ਤਾਰੀਖ ਨੂੰ ਆਵੇਗਾ।

ਪਰ ਸੋਧੇ ਕੈਲੰਡਰ ਦਾ ਹਾਲ ਵੇਖੋ! ਇਨ੍ਹਾਂ ਨੇ 5 ਜੁਲਾਈ ਤਾਂ ਨਾਨਕਸ਼ਾਹੀ ਕੈਲੰਡਰ ਦੀ ਲੈ ਲਈ ਪਰ ਸੰਗਰਾਂਦਾਂ ਬਿਕ੍ਰਮੀ ਕੈਲੰਡਰ ਨਾਲ ਮਿਲਾਉਣ ਕਰਕੇ ਦੇਸੀ ਮਹੀਨੇ ਦੀ ਤਾਰੀਖ ਹਰ ਸਾਲ ਹੀ ਬਦਲ ਜਾਂਦੀ ਹੈ। ਜਿਵੇਂ ਕਿ ਸੰਮਤ ਨਾਨਕਸ਼ਾਹੀ 543 (ਸੰਨ 2011-12) ਵਿਚ ਇਹ 5 ਜੁਲਾਈ; 21 ਹਾੜ, ਹਾੜ ਸੁਦੀ 4 ਨੂੰ ਸੀ। ਸੰਮਤ 544 (ਸੰਨ 2012-13) ਵਿਚ ਇਹ 5 ਜੁਲਾਈ; 22 ਹਾੜ, ਹਾੜ ਵਦੀ 2 ਅਤੇ



ਸੰਮਤ 545 (ਸੰਨ 2013-14) ਵਿਚ ਇਹ 5 ਜੁਲਾਈ; 22 ਹਾੜ, ਹਾੜ ਵਦੀ 13 ਨੂੰ ਆਈ ਸੀ। ਅਗਲੇ ਸਾਲ ਕਦੋਂ ਆਏਗੀ ਇਹ ਇਨ੍ਹਾਂ ਨੂੰ ਵੀ ਉਦੋਂ ਤੱਕ ਪਤਾ ਨਹੀਂ ਲੱਗੇਗਾ ਜਦ ਤੱਕ ਬ੍ਰਾਹਮਣ ਦੀ ਬਣਾਈ ਜੰਤਰੀ ਇਨ੍ਹਾਂ ਦੇ ਹੱਥ ਵਿਚ ਨਹੀਂ ਆਉਂਦੀ! ਕੈਲੰਡਰ ਵਿਚ ਸੋਧਾਂ ਕਰਨ ਵਾਲੇ ਵਿਦਵਾਨ ਅਤੇ ਉਨ੍ਹਾਂ ਦੇ ਸਮਰਥਕ ਦੱਸਣ ਕਿ ਇਨ੍ਹਾਂ ਨੇ 5 ਜੁਲਾਈ ਕਿਸ ਇਤਹਾਸਕ ਹਵਾਲੇ ਤੋਂ ਲਈ ਹੈ ਜਾਂ ਮਿਥੀ ਹੈ। ਪੁਰੇਵਾਲ ਜੀ ਤਾਂ ਹਰ ਸਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ 21 ਹਾੜ, 5 ਜੁਲਾਈ ਲਿਖਦੇ ਰਹੇ ਹਨ। ਪਰ ਪੁਰੇਵਾਲ ਨੂੰ ਅੰਗਰੇਜ਼ਾਂ ਦੀ ਗੁਲਾਮੀ ਕਬੂਲਣ ਦਾ ਤਾਹਨਾ ਮਾਰਨ ਵਾਲੇ ਵਿਦਵਾਨ; ਦੇਸੀ ਮਹੀਨੇ ਦੀ ਤਾਰੀਖ ਲਿਖਣ ਦੀ ਹਿੰਮਤ ਵੀ ਨਹੀਂ ਵਿਖਾ ਸਕਦੇ ਤੇ ਸਿਰਫ਼ 5 ਜੁਲਾਈ ਹੀ ਲਿਖ ਦਿੰਦੇ ਹਨ। ਕਿਉਂਕਿ ਜੇ ਦੇਸੀ ਮਹੀਨੇ ਦੀ ਤਾਰੀਖ ਲਿਖਣ ਲੱਗ ਪੈਣ ਤਾਂ ਹਰ ਸਾਲ ਇਹ ਤਾਰੀਖ ਬਦਲ ਜਾਇਆ ਕਰੇਗੀ ਤੇ ਇਨ੍ਹਾਂ ਦੀ ਵਿਦਵਤਾ ਦਾ ਪਾਜ ਉਘੜ ਜਾਵੇਗਾ। ਇਹ ਸਿਰਫ਼ ਇੱਕ ਗੁਰਪੁਰਬ ਦੀ ਗੱਲ ਨਹੀਂ ਬਲਕਿ ਉਨ੍ਹਾਂ ਮਹੀਨਿਆਂ, ਜਿਨ੍ਹਾਂ ਦੀਆਂ ਸੰਗਰਾਦਾਂ ਇਨ੍ਹਾਂ ਦੀ ਵਿਦਵਤਾ ਕਾਰਨ ਨਾਨਕਸ਼ਾਹੀ ਕੈਲੰਡਰ ਨਾਲੋਂ ਵੱਖਰੇ ਦਿਨਾਂ ਦੀਆਂ ਹਨ; ਉਨ੍ਹਾਂ ਮਹੀਨਿਆਂ ਵਿਚ ਆਏ ਸਾਰੇ ਗੁਰਪੁਰਬ ਤੇ ਹੋਰ ਇਤਿਹਾਸਕ ਦਿਹਾੜੇ ਹਰ ਸਾਲ ਬਦਲਵੀਆਂ ਤਾਰੀਖਾਂ ਨੂੰ ਆਉਂਦੇ ਹਨ। ਪੁਰਾਤਨ ਵਿਰਸੇ ਨਾਲ ਜੁੜੇ ਰਹਿਣ ਦਾ ਦਾਅਵਾ ਕਰਨ ਵਾਲੇ ਵਿਦਵਾਨਾਂ ਦੀ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਅਜਾਦ ਹਸਤੀ ਦੀ ਪੋਲ ਤਾਂ ਖੁਲ੍ਹ ਹੀ ਗਈ ਹੈ; ਦੇਸੀ ਮਹੀਨਿਆਂ ਦੀਆਂ ਤਾਰੀਖਾਂ ਲਿਖਣਾਂ ਛੱਡ ਕੇ ਆਪਣੀ ਇਸ ਗ਼ਲਤੀ ਨੂੰ ਪਰਦੇ ਹੇਠ ਕਿੰਨਾ ਕੁ ਚਿਰ ਰੱਖ ਸਕਦੇ ਹਨ? ਕਿਉਂਕਿ ਖੋਜੀ ਵਿਦਵਾਨ ਤਾਂ ਇਨ੍ਹਾਂ ਦਾ ਪਾਜ ਉਘੇੜ ਹੀ ਦਿੰਦੇ ਹਨ। ਇਸ ਲਈ ਵਿਦਵਤਾ ਦਾ ਪਾਜ ਉਘੜ ਜਾਣ ਪਿੱਛੋਂ ਉਨ੍ਹਾਂ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਨਾਨਕਸ਼ਾਹੀ ਕੈਲੰਡਰ ਅਤੇ ਸੋਧਿਆ ਕੈਲੰਡਰ ਦੋਵੇਂ ਹੀ ਗ਼ਲਤ ਹਨ ਇਸ ਲਈ ਮੁੜ ਬਿਕਰਮੀ ਕੈਲੰਡਰ ਅਪਣਾ ਕੇ 'ਜੈਸੇ ਥੇ' ਵਾਲੀ ਹਾਲਤ ਵਿਚ ਹੀ ਪਹੁੰਚ ਜਾਣਾ ਚਾਹੀਦਾ ਹੈ। ਸ: ਮੱਕੜ ਨੂੰ ਹਾਲੀ ਵੀ ਆਪਣੇ ਵਿਦਵਾਨ ਗਿਆਨੀ ਹੋਣ ਦੀ ਕਾਫ਼ੀ ਪਾਣ ਚੜ੍ਹੀ ਲਗਦੀ ਹੈ, ਜਾਂ ਇਉਂ ਕਹਿ ਲਵੋ ਕਿ ਸੱਤਾ ਦਾ ਹੰਕਾਰ ਹੈ; ਇਸੇ ਕਾਰਨ ਉਨ੍ਹਾਂ ਦੀ ਗ਼ਲਤੀ ਉਨ੍ਹਾਂ ਦੇ ਧਿਆਨ ਵਿਚ ਲਿਆਉਣ ਵਾਲੇ ਸਾਰੇ ਵਿਦਵਾਨ ਉਨ੍ਹਾਂ ਨੂੰ ਦੋ ਚਾਰ ਅਗਿਆਨੀ ਸਿੱਖ ਹੀ ਦਿੱਸਦੇ ਹਨ।

ਤੀਜਾ ਲੇਖ ਹੈ : 'ਨਾਨਕਸ਼ਾਹੀ ਕੈਲੰਡਰ ਦੇ ਵਿਰੋਧ ਦਾ ਮੁੱਖ ਕਾਰਨ : **'ਕੂੜੇ ਮੂਰਖ ਕੀ ਹਾਠੀਸਾ'**। ਇਸ ਲੇਖ ਵਿਚ ਬੀਬੀ ਅਮਰਜੀਤ ਕੌਰ ਬੈਲਜ਼ੀਅਮ ਵੱਲੋਂ ਲਿਖੇ ਕਿਤਾਬਚੇ 'ਸਿੱਖ ਇਤਿਹਾਸ ਨੂੰ ਵਿਗਾੜਨ ਦੀ ਸਾਜਿਸ਼ - ਨਾਨਕਸ਼ਾਹੀ ਕੈਲੰਡਰ' ਦਾ ਜਵਾਬ ਹੈ। ਇਸ ਕਿਤਾਬਚੇ ਵਿਚ ਬੀਬੀ ਜੀ ਨੇ ਬਾਕੀ ਦੇ ਸਾਰੇ ਕੈਲੰਡਰਾਂ ਨੂੰ ਨੁਕਸਦਾਰ ਦੱਸ ਕੇ ਚੰਦਰਮਾ ਅਧਾਰਤ ਬਿਕ੍ਰਮੀ ਕੈਲੰਡਰ ਨੂੰ ਸਰਬੋਤਮ ਦੱਸਣ ਦਾ ਅਸਫਲ ਯਤਨ ਕੀਤਾ ਹੈ। ਪਰ ਆਮ ਸਿੱਖਾਂ ਦੀ ਵੱਡੀ ਗਿਣਤੀ ਵੱਲੋਂ ਸਿੱਖ

ਸਾਹਿਤ ਤੇ ਗੁਰਬਾਣੀ ਪੜ੍ਹਨ ਤੋਂ ਵਾਂਝੇ ਹੋਣ ਕਰਕੇ ਉਨ੍ਹਾਂ ਦਾ ਕੈਲੰਡਰ ਸਬੰਧੀ ਗਿਆਨ ਵੀ ਸੀਮਤ ਹੈ। ਇਸ ਲਈ ਉਨ੍ਹਾਂ ਵੱਲੋਂ ਇਹ ਕਿਤਾਬਚਾ ਪੜ੍ਹ ਕੇ ਗੁੰਮਰਾਹ ਹੋ ਜਾਣ ਦੀ ਵੱਡੀ ਸੰਭਾਵਨਾ ਹੈ। ਬੀਬੀ ਜੀ ਵੱਲੋਂ ਲਿਖੇ ਲੇਖ ਨੂੰ ਕਿਤਾਬਚੇ ਦੇ ਰੂਪ ਵਿਚ ਛਪਵਾ ਕੇ ਉਹ ਲੋਕ ਹੀ ਵੰਡ ਰਹੇ ਹਨ ਜਿਨ੍ਹਾਂ ਨੇ ਪਹਿਲਾਂ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਵਾ ਕੇ ਇਸ ਦਾ ਰੂਪ ਵਿਗਾੜਿਆ ਸੀ। ਹੁਣ ਜਦੋਂ ਲੋਕਾਂ ਨੂੰ ਇਹ ਸਮਝ ਆਉਣੀ ਸ਼ੁਰੂ ਹੋ ਗਈ ਹੈ ਕਿ ਸੋਧਾਂ ਦੇ ਨਾਮ 'ਤੇ ਬਹੁਤ ਵੱਡਾ ਅਨਰਥ ਹੋਇਆ ਹੈ, ਇਸ ਲਈ ਸੋਧਾਂ ਵਾਪਸ ਲੈ ਕੇ 2003 ਵਾਲਾ ਨਾਨਕਸ਼ਾਹੀ ਕੈਲੰਡਰ ਮੁੜ ਬਹਾਲ ਕਰਨ ਦੀ ਮੰਗ ਜੋਰ ਫੜਨ ਲੱਗੀ ਹੈ ਤਾਂ ਬੀਬੀ ਅਮਰਜੀਤ ਕੌਰ ਦੇ ਲੇਖ ਰਾਹੀਂ ਇਹ ਪ੍ਰਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਸ: ਪਾਲ ਸਿੰਘ ਪੁਰੇਵਾਲ ਵੱਲੋਂ ਨਾਨਕਸ਼ਾਹੀ ਕੈਲੰਡਰ ਤਿਆਰ ਕਰਨਾ ਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਲਾਗੂ ਕਰਨਾ; ਸਿੱਖ ਇਤਿਹਾਸ ਵਿਗਾੜਨ ਦੀ ਇੱਕ ਸਾਜਿਸ਼ ਸੀ ਅਤੇ ਇਸ ਵਿਚ ਕੀਤੀਆਂ ਸੋਧਾਂ ਵੀ ਗ਼ਲਤ ਹਨ। ਉਸ ਮੁਤਾਬਕ ਸਿੱਖ ਇਤਿਹਾਸ ਅਤੇ ਪੁਰਾਤਨ ਰਵਾਇਤਾਂ ਬਚਾਉਣ ਲਈ ਇੱਕੋ ਇੱਕ ਹੱਲ ਹੈ : ਨਾਨਕਸ਼ਾਹੀ ਕੈਲੰਡਰ ਨੂੰ ਮੁੱਢੋਂ ਰੱਦ ਕਰਕੇ ਬਿਕ੍ਰਮੀ ਕੈਲੰਡਰ ਹੀ ਆਪਨਾਇਆ ਜਾਵੇ। ਬੀਬੀ ਅਮਰਜੀਤ ਕੌਰ ਦਾ ਲੇਖ ਪੜ੍ਹ ਕੇ ਆਮ ਸਿੱਖ ਸੰਗਤ ਦੇ ਗੁੰਮਰਾਹ ਹੋਣ ਤੋਂ ਬਚਾਉਣ ਲਈ; ਬੀਬੀ ਜੀ ਦੇ ਇਸ ਲੇਖ ਦਾ ਜਵਾਬ ਦੇਣਾ ਅਤਿ ਜ਼ਰੂਰੀ ਸੀ। ਇਸ ਲਈ ਅਕਾਲ ਪੁਰਖ ਦੀ ਬਖ਼ਸ਼ੀ ਸੂਝ ਅਨੁਸਾਰ ਮੈਂ ਆਪਨਾ ਫ਼ਰਜ਼ ਨਿਭਾਉਣ ਦਾ ਯਤਨ ਕੀਤਾ ਹੈ।

ਚੌਥਾ ਲੇਖ ਹੈ : 'ਗਿਆਨੀ ਗੁਰਬਚਨ ਸਿੰਘ ਲਈ ਅਕਾਲ ਤਖ਼ਤ ਸਾਹਿਬ ਦਾ ਰੁਤਬਾ ਤੇ ਸਤਿਕਾਰ ਬਹਾਲ ਕਰਵਾਉਣ ਲਈ ਪਰਖ ਦੀ ਘੜੀ'। ਇਸ ਲੇਖ ਵਿਚ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਹਵਾਲੇ ਦੇ ਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਸਿੱਖ ਪ੍ਰਚਾਰਕਾਂ ਦੀ ਜ਼ਮੀਰ ਨੂੰ ਹਲੂਣਾਂ ਦੇ ਕੇ ਜਗਾਉਣ ਦਾ ਯਤਨ ਕੀਤਾ ਗਿਆ ਹੈ।

ਮੈਨੂੰ ਉਮੀਦ ਹੈ ਕਿ ਜੇ ਇਹ ਪੂਰਾ ਕਿਤਾਬਚਾ ਭਾਵ ਚਾਰੇ ਲੇਖ ਕੋਈ ਸਾਧਾਰਨ ਸਿੱਖ ਵੀ ਪੜ੍ਹ ਕੇ ਸਮਝ ਲਵੇ ਤਾਂ ਉਸ ਨੂੰ ਇੰਨੀ ਕੁ ਸਮਝ ਜ਼ਰੂਰ ਆ ਜਾਵੇਗੀ ਕਿ ਬੀਬੀ ਅਮਰਜੀਤ ਕੌਰ ਦੇ ਲੇਖ ਵਰਗੀ ਕੋਈ ਵੀ ਲਿਖਤ ਉਨ੍ਹਾਂ ਨੂੰ ਗੁੰਮਰਾਹ ਨਹੀਂ ਕਰ ਸਕੇਗੀ। ਆਸ ਕਰਦਾ ਹਾਂ ਕਿ ਜਿਨ੍ਹਾਂ ਵੀਰਾਂ ਭੈਣਾਂ ਨੂੰ ਇਹ ਕਿਤਾਬਚਾ ਲਿਖੇ ਜਾਣ ਦੀ ਭਾਵਨਾ ਸਮਝ ਆ ਜਾਵੇਗੀ, ਉਹ ਦੂਸਰਿਆਂ ਨੂੰ ਵੀ ਪੜ੍ਹਾ ਕੇ ਖੁੱਲ੍ਹੇ ਰੂਪ ਵਿਚ ਵੀਚਾਰ ਚਰਚਾ ਸ਼ੁਰੂ ਕਰਨਗੇ ਅਤੇ ਨਾਨਕਸ਼ਹੀ ਕੈਲੰਡਰ ਨੂੰ ਬਹਾਲ ਕਰਵਾਉਣ ਲਈ ਉੱਠੀ ਲਹਿਰ ਨੂੰ ਮਜਬੂਤੀ ਪ੍ਰਦਾਨ ਕਰਕੇ ਸਾਡੇ ਆਸਪਾਸ ਬੁਣੇ ਜਾ ਰਹੇ ਬਿਪਰਵਾਦੀ ਜਾਲ ਨੂੰ ਤੋੜ ਸੁੱਟਣ ਵਿਚ ਆਪਨਾ ਯੋਗਦਾਨ ਜ਼ਰੂਰ ਪਾਉਣਗੇ।

ਪੰਥ ਹਿਤੂ

**—ਕਿਰਪਾਲ ਸਿੰਘ ਬਠਿੰਡਾ**



# ਵਿਸ਼ੇਸ਼ ਧੰਨਵਾਦ

ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ਼ ਅਤੇ ਗੁਰੂ ਗ੍ਰੰਥ ਸਾਹਿਬ ਜੀ; ਜਿਨ੍ਹਾਂ ਦੀ ਬਖ਼ਸ਼ੀ ਸੂਝ, ਦ੍ਰਿੜ ਇਰਾਦਾ ਤੇ ਦਲੇਰੀ ਸਦਕਾ ਸੱਚ ਲਿਖਣ ਅਤੇ ਬੋਲਣ ਦੀ ਸਮਰਥਾ ਹਾਸਲ ਹੋਈ ਹੈ; ਦਾ ਕੋਟਾਨਿ-ਕੋਟ ਧੰਨਵਾਦ ਕਰਦਾ ਹਾਂ। ਉਸ ਉਪ੍ਰੰਤ ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਧੰਨਵਾਦ ਹੈ ਜਿਨ੍ਹਾਂ ਨੇ ਸੋਧਾਂ ਦੀ ਸਾਜਿਸ਼ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਇਸ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਤੇ ਅੱਜ ਤੱਕ ਆਪਣੇ ਸਟੈਂਡ 'ਤੇ ਪੂਰੀ ਦ੍ਰਿੜਤਾ ਨਾਲ ਖੜ੍ਹੇ ਪਹਿਰਾ ਦੇ ਰਹੇ। ਖ਼ਾਲਸਾ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਦੇ ਪ੍ਰਧਾਨ ਸ: ਰਜਿੰਦਰ ਸਿੰਘ, ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਸੇਵਾ ਸੁਸਾਇਟੀ ਬਠਿੰਡਾ ਦੇ ਪ੍ਰਧਾਨ ਸ: ਆਤਮਾ ਸਿੰਘ ਚਹਿਲ, ਗੁਰਦੁਆਰਾ ਸਾਹਿਬ ਸ਼ਹੀਦ ਭਾਈ ਮਤੀਦਾਸ ਨਗਰ ਬਠਿੰਡਾ ਦੇ ਪ੍ਰਧਾਨ ਬਿਕ੍ਰਮ ਸਿੰਘ ਧਿੰਗੜ, ਗੁਰਦੁਆਰਾ ਸਾਹਿਬ ਜੀਵਨ ਪ੍ਰਕਾਸ਼ ਮਾਡਲ ਟਾਊਨ ਬਠਿੰਡਾ ਦੇ ਪ੍ਰਧਾਨ ਸ: ਹਰਮਿੰਦਰ ਸਿੰਘ ਸਮਾਘ, ਗੁਰਦੁਆਰਾ ਸਾਹਿਬ ਸੰਗਤ ਸਿਵਲ ਸਟੇਸ਼ਨ ਬਠਿੰਡਾ ਦੇ ਪ੍ਰਧਾਨ ਮਨੋਹਰ ਸਿੰਘ, ਗੁਰਦੁਆਰਾ ਸਾਹਿਬ ਟਿਕਾਣਾ ਭਾਈ ਜਗਤਾ ਜੀ (ਨੇੜੇ ਸਟੇਡੀਅਮ) ਬਠਿੰਡਾ ਦੇ ਮੈਨੇਜਰ ਭਾਈ ਜੋਗਿੰਦਰ ਸਿੰਘ ਸਾਗਰ ਸਮੇਤ ਹੋਰ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨ ਸਾਹਿਬਾਨ; ਸ: ਪਰਮਿੰਦਰ ਸਿੰਘ ਰੰਧਾਵਾ, ਕੇਸਰੀ ਕਲਾਥ ਸਟੋਰ ਦੇ ਬਾਬਾ ਰਤਨ ਸਿੰਘ, ਏਕਸ ਕੇ ਬਾਰਕ ਜਥੇਬੰਦੀ ਬਠਿੰਡਾ ਇਕਾਈ ਦੇ ਪ੍ਰਧਾਨ ਮਹਿੰਦਰ ਸਿੰਘ ਖ਼ਾਲਸਾ, ਅਕਾਲੀ ਆਗੂ ਭੋਲਾ ਸਿੰਘ ਗਿੱਲ ਪੱਤੀ, ਸ਼੍ਰੋਮਣੀ ਅਕਾਲੀ ਦਲ (ਅ) ਜਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਅਤੇ ਮੇਰੇ ਹੋਰ ਪੁਰਾਣੇ ਸਾਥੀਆਂ ਜਿਨ੍ਹਾਂ ਸਾਰਿਆਂ ਦੇ ਨਾਮ ਲਿਖਣ ਨਾਲ ਇਹ ਲੇਖ ਕਾਫ਼ੀ ਲੰਬਾ ਹੋ ਜਾਣ ਦੇ ਡਰੋਂ ਸੰਕੋਚਣ ਲਈ ਮਜ਼ਬੂਰ ਹਾਂ; ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਸਾਰਿਆਂ ਦੇ ਭਰਵੇਂ ਸਹਿਯੋਗ ਸਦਕਾ ਬਠਿੰਡਾ ਦੇ 40 ਤੋਂ ਵੱਧ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਧਾਰਮਕ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੂੰ ਸੌਂਪ ਕੇ, ਬਠਿੰਡਾ ਸ਼ਹਿਰ ਨੂੰ ਦੁਨੀਆਂ ਭਰ ਦੇ ਨਕਸ਼ੇ ਵਿਚ ਇੱਕ ਜਾਗਰੂਕ ਤੇ ਕੌਮੀ ਸੋਚ ਵਾਲੇ ਸ਼ਹਿਰ ਵਜੋਂ ਉਭਾਰਨ ਲਈ ਭਰਵਾਂ ਰੋਲ ਅਦਾ ਕੀਤਾ ਹੈ।

ਸਭ ਤੋਂ ਵੱਧ ਧੰਨਵਾਦ ਗੁਰਮਤਿ ਦੇ ਨਿਸ਼ਕਾਮ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਜੀ ਭਾਈ ਬਖ਼ਤੌਰ ਵਾਲਿਆਂ ਦਾ ਹੈ ਜਿਨ੍ਹਾਂ ਨੇ ਇਸ ਕਿਤਾਬਚੇ ਨੂੰ ਆਪਣੀ ਸੰਸਥਾ ਦੇ ਖਰਚੇ 'ਤੇ ਛਪਵਾ ਕੇ ਸੰਗਤਾਂ ਵਿਚ ਮੁਫਤ ਵੰਡਣ ਦੀ ਸੇਵਾ ਆਪਣੇ ਜਿੰਮੇ ਲੈ ਲਈ ਹੈ। ਉਨ੍ਹਾਂ ਵੱਲੋਂ ਪੰਜਾਬ, ਹਰਿਆਣਾ, ਰਾਜਸਥਾਨ ਦੇ ਵੱਖ ਵੱਖ ਪਿੰਡਾਂ

ਵਿਚ ਲਗਾਤਾਰ ਚੱਲ ਰਹੇ ਆਪਣੇ ਧਾਰਮਕ ਦੀਵਾਨਾਂ 'ਚ 'ਨਾਨਕਸ਼ਾਹੀ ਕੈਲੰਡਰ ਬਹਾਲ ਕਰਾਉਣ ਦੀ ਪੰਥ ਨੂੰ ਲੋੜ' ਵਿਸ਼ੇ 'ਤੇ ਸੰਗਤਾਂ ਨੂੰ ਜਾਣਕਾਰੀ ਦੇ ਕੇ, ਮਤੇ ਦੇ ਖਰੜੇ ਦੀਆਂ ਕਾਪੀਆਂ ਵੰਡੀਆਂ ਜਾ ਰਹੀਆਂ ਹਨ; ਤੇ ਉਨ੍ਹਾਂ ਨੂੰ ਮਤੇ ਪਾਸ ਕਰਕੇ ਪੰਜਾਬ ਦੇ ਤਿੰਨੇ ਤਖ਼ਤਾਂ ਦੇ ਜਥੇਦਾਰ ਸਾਹਿਬਾਨਾਂ ਨੂੰ ਭੇਜਣ ਦੀ ਪ੍ਰੇਰਨਾ ਦੇ ਕੇ; ਇਸ ਲਹਿਰ ਨੂੰ ਚੋਟੀ 'ਤੇ ਪਹੁੰਚਾ ਦਿੱਤਾ ਹੈ, ਜਿਸ ਕਾਰਨ ਸੈਂਕੜੇ ਕਮੇਟੀਆਂ ਤੇ ਜਥੇਬੰਦੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦੂਸਰੇ ਤਖ਼ਤਾਂ 'ਤੇ ਪਹੁੰਚ ਚੁੱਕੇ ਹਨ; ਤੇ ਬਾਕੀ ਧੜਾਧੜ ਪਹੁੰਚਣੇ ਜਾਰੀ ਹਨ।

ਸਮੁੱਚੇ ਰੂਪ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ ਕਲਾਂ (ਰੋਪੜ) ਅਤੇ ਵਿਸ਼ੇਸ਼ ਤੌਰ 'ਤੇ ਇਸ ਕਾਲਜ ਦੇ ਮਾਸਕ ਪੱਤਰ ਦੇ ਸੰਪਾਦਕ ਗਿਆਨੀ ਅਵਤਾਰ ਸਿੰਘ ਠੂਠਿਆਂਵਾਲੀ ਦਾ ਧੰਨਵਾਦ ਹੈ, ਜਿੰਨ੍ਹਾਂ ਨੇ ਮਾਸਕ ਪੱਤਰ ਦਾ ਆਕਾਰ ਛੋਟਾ ਹੋਣ ਦੇ ਬਾਵਯੂਦ ਦਾਸ ਦੇ ਉਕਤ ਤਿੰਨੇ ਲੰਬੇ ਲੇਖ ਇੱਕ ਇੱਕ ਕਰਕੇ ਹਰ ਮਹੀਨੇ ਸਿਰਫ਼ ਛਾਪੇ ਹੀ ਨਹੀਂ ਬਲਕਿ 3 ਤੋਂ 4 ਸੌ ਦੀ ਗਿਣਤੀ ਵਿਚ ਸੰਗਤਾਂ ਵਿਚ ਮੁਫਤ ਵੰਡਣ ਲਈ ਭੇਜ ਕੇ ਇਸ ਲਹਿਰ ਨੂੰ ਤੇਜ ਕਰਨ ਲਈ ਸੰਗਤਾਂ ਨੂੰ ਜਾਗਰੂਕ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਅਖੀਰ ਵਿਚ ਸ: ਪਾਲ ਸਿੰਘ ਪੁਰੇਵਾਲ ਜੀ ਦਾ ਬਹੁਤ ਹੀ ਧੰਨਵਾਦ ਹੈ ਜਿਨ੍ਹਾਂ ਦੇ ਮਨ ਵਿਚ ਸਭ ਤੋਂ ਪਹਿਲਾਂ ਨਾਨਕਸ਼ਾਹੀ ਕੈਲੰਡਰ ਬਣਾਉਣ ਦਾ ਵੀਚਾਰ ਪੈਦਾ ਹੋਇਆ ਤੇ 10 ਸਾਲ ਦੀ ਸਖਤ ਮਿਹਨਤ ਨਾਲ ਆਪਣੇ ਖਰਚੇ 'ਤੇ, ਆਪਣੇ ਬਲਬੂਤੇ ਕੈਲੰਡਰ ਤਿਆਰ ਕਰਕੇ ਕੌਮ ਨੂੰ ਅਰਪਣ ਕੀਤਾ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ: ਸੁਖਦੇਵ ਸਿੰਘ ਭੌਰ, ਸ: ਕਰਨੈਲ ਸਿੰਘ ਪੰਜੋਲੀ ਮੈਂਬਰ ਕਾਰਜਕਾਰਨੀ ਕਮੇਟੀ ਦਾ ਵੀ ਧੰਨਵਾਦ ਹੈ ਜਿੰਨ੍ਹਾਂ ਨੇ ਸ਼੍ਰੋਮਣੀ ਕਮੇਟੀ ਵਿਚ ਸਤਾਧਾਰੀ ਦਲ ਨਾਲ ਸਬੰਧਤ ਹੋਣ ਦੇ ਬਾਵਯੂਦ ਸੋਧਾਂ ਦਾ ਵਿਰੋਧ ਕਰਦੇ ਹੋਏ ਕਾਰਜਕਾਰਨੀ ਦੀ ਮੀਟਿੰਗ ਵਿੱਚੋਂ ਵਾਕ ਆਊਟ ਕਰਕੇ ਆਪਣਾ ਕੌਮੀ ਫ਼ਰਜ਼ ਨਿਭਾਇਆ। ਇਨ੍ਹਾਂ ਦੋਵਾਂ ਸਮੇਤ ਇਸ ਸੋਚ ਵਾਲੇ ਬਾਕੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਹੈ ਕਿ ਕੌਮ ਦੇ ਚੁਣੇ ਹੋਏ ਨੁਮਾਇੰਦੇ ਹੋਣ ਦੇ ਨਾਤੇ; ਗ਼ਲਤ ਤੌਰ 'ਤੇ ਕੀਤੀਆਂ ਸੋਧਾਂ ਨੂੰ ਵਾਪਸ ਕਰਵਾਉਣ ਲਈ ਸਿਆਸੀ ਪੱਧਰ ਤੋਂ ਉਪਰ ਉੱਠ ਕੇ ਅਤੇ ਜਥੇਬੰਦ ਹੋ ਕੇ ਆਪਣਾ ਯੋਗਦਾਨ ਪਾਉਣ। ਅਨੇਕਾਂ ਹੋਰ ਸੰਸਥਾਵਾਂ, ਜਥੇਬੰਦੀਆਂ ਤੇ ਵਿਦਵਾਨਾਂ; ਜਿਹੜੇ ਸਮੇਂ ਸਮੇਂ ਸਿਰ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿਚ ਅਵਾਜ਼ ਉਠਾਉਂਦੇ ਰਹੇ ਹਨ, ਦਾ ਵੀ ਧੰਨਵਾਦ ਹੈ ਪਰ ਉਨ੍ਹਾਂ ਸਾਰਿਆਂ ਦੀ ਸੂਚੀ ਕਾਫ਼ੀ ਲੰਬੀ ਹੋਣ ਕਰਕੇ ਉਨ੍ਹਾਂ ਦੇ ਨਾਮ ਇੱਥੇ ਲਿਖੇ ਜਾਣੇ ਸੰਭਵ ਨਹੀਂ ਹਨ।

**—ਕਿਰਪਾਲ ਸਿੰਘ ਬਠਿੰਡਾ**



# ਦੋ ਸ਼ਬਦ

ਮੈਨੂੰ ਕੈਲੰਡਰ ਵਿਗਿਆਨ ਅਤੇ ਭੂਗੋਲ ਖੁਗੋਲ ਦੀ ਬਹੁਤੀ ਡੂੰਘੀ ਜਾਣਕਾਰੀ ਨਹੀਂ ਹੈ ਪਰ ਇਤਨਾ ਤਾਂ ਜ਼ਰੂਰ ਪਤਾ ਹੀ ਹੈ ਕਿ ਸਾਡੇ ਵਿੱਚੋਂ ਜਿਹੜੇ ਵੀ ਆਪਣੇ ਬੱਚੇ ਦਾ ਜਨਮ ਦਿਨ ਮਨਾਉਂਦੇ ਹਨ, ਉਹ ਸਾਰੇ ਇੱਕੋ ਹੀ ਬੱਝਵੀਂ ਤਾਰੀਖ ਨੂੰ ਸਾਲ ਵਿਚ ਇੱਕ ਹੀ ਵਾਰ ਮਨਾਉਂਦੇ ਹਨ; ਕੋਈ ਵੀ ਸਾਲ ਵਿਚ ਦੋ ਵਾਰ ਨਹੀਂ ਮਨਾਉਂਦਾ। ਪਰ ਸਿੱਖ ਕਦੀ ਆਪਣੇ ਗੁਰੂ ਦਾ ਪ੍ਰਕਾਸ਼ ਦਿਹਾੜਾ ਸਾਲ ਵਿਚ ਦੋ ਵਾਰ ਮਨਾ ਲੈਂਦੇ ਹਨ ਅਤੇ ਕਿਸੇ ਸਾਲ ਮਨਾਉਂਦੇ ਹੀ ਨਹੀਂ। ਇਸ ਦਾ ਭਾਵ ਹੈ ਕਿ ਗੁਰੂ ਦੇ ਗੁਰਪੁਰਬ ਦੀ ਮਹੱਤਤਾ ਸਿੱਖਾਂ ਲਈ ਆਪਣੇ ਬੱਚੇ ਦੇ ਜਨਮ ਦਿਨ ਜਿੰਨੀ ਵੀ ਨਹੀਂ ਹੈ? ਹੋਰ ਵੇਖੋ ਤੀਜੀ ਚੌਥੀ ਦੇ ਬੱਚੇ ਨੂੰ ਪੁੱਛੋ ਮਹਾਤਮਾ ਗਾਂਧੀ ਦਾ ਜਨਮ ਦਿਨ ਕਦੋਂ ਸੀ, ਉਹ ਝੱਟ ਦੱਸ ਦਿੰਦੇ ਹਨ ਕਿ 2 ਅਕਤੂਬਰ ਨੂੰ ਹੈ। ਨਹਿਰੂ ਦਾ ਜਨਮ ਦਿਨ ਪੁੱਛਣ 'ਤੇ ਦੱਸ ਦਿੰਦੇ ਹਨ ਕਿ 14 ਨਵੰਬਰ ਨੂੰ ਹੈ। ਪਰ ਮੇਰੇ ਸਮੇਤ ਸਾਰੇ ਸਿੱਖਾਂ ਦੀ ਉਮਰ ਬੀਤ ਗਈ ਹੈ ਆਪਣੇ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਂਦਿਆਂ ਦੀ, ਪਰ ਜੇ ਕੋਈ ਸਾਥੋਂ ਪੁੱਛ ਲਵੇ ਕਿ ਗੁਰੂ ਸਾਹਿਬ ਜੀ ਦਾ ਆਉਣ ਵਾਲਾ ਗੁਰਪੁਰਬ ਕਿਹੜੀ ਤਾਰੀਖ ਨੂੰ ਹੈ; ਤਾਂ ਕਹਿਣਾ ਪੈਂਦਾ ਹੈ, ਕਿ ਗੁਰਪੁਰਬ ਦਾ ਤਾਂ ਪਤਾ ਨਹੀਂ ਜੀ ਕਿਹੜੀ ਤਾਰੀਖ ਨੂੰ ਆਉਣਾ ਹੈ, ਜੰਤਰੀ ਵੇਖ ਕੇ ਦੱਸਾਂਗੇ! ਇਹ ਸਿਰਫ਼ ਇਸੇ ਕਾਰਨ ਹੈ ਕਿ ਅਸੀਂ ਆਪਣੇ ਗੁਰੂ ਸਾਹਿਬ ਜੀ ਦਾ ਗੁਰਪੁਰਬ ਕਿਸੇ ਬਝਵੀਂ ਤਾਰੀਖ ਨੂੰ ਨਹੀਂ ਮਨਾਉਂਦੇ ਤੇ ਬਿਕ੍ਰਮੀ ਸਾਲ ਦੇ ਚੰਦਰਮਾਂ ਦੀਆਂ ਤਿੱਥਾਂ ਤਾਰੀਖਾਂ ਅਨੁਸਾਰ ਮਨਾਉਣ ਕਰਕੇ ਕਦੀ 21-22 ਦਿਨ ਪਹਿਲਾਂ ਆ ਜਾਂਦਾ ਹੈ ਤੇ ਕਦੀ 7-8 ਦਿਨ ਪਿੱਛੋਂ।

ਕੈਨੇਡਾ ਵਿਚ 10 ਲੱਖ ਸਿੱਖ ਵਸਦੇ ਹੋਣ ਕਰਕੇ ਉਥੋਂ ਦੀ ਸਰਕਾਰ ਤਿਆਰ ਹੈ ਕਿ ਜੇ ਸਿੱਖ ਗੁਰਪੁਰਬ ਦੀ ਕੋਈ ਬੱਝਵੀਂ ਤਾਰੀਖ ਦੱਸ ਦੇਣ, ਤਾਂ ਇਸ ਦੀ ਸਰਕਾਰੀ ਛੁੱਟੀ ਕੀਤੀ ਜਾ ਸਕਦੀ ਹੈ। ਪਰ ਅਸੀਂ ਦੱਸੀਏ ਕਿੱਥੋਂ? ਇਹ ਮੁਸ਼ਕਲ 2003 ਵਿਚ ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਨਾਲ ਹੱਲ ਹੋ ਗਈ ਸੀ ਪਰ ਗੁਰਪੁਰਬ ਮਨਾਉਣ ਦੀ ਥਾਂ ਆਪਣੇ ਡੇਰੇ ਦੇ ਸਾਧਾਂ ਦੀਆਂ ਬਰਸੀਆਂ ਅਤੇ ਸੰਗਰਾਂਦਾਂ, ਪੂਰਨਮਾਸ਼ੀਆਂ, ਮੱਸਿਆ, ਦਸਵੀਆਂ ਮਨਾਉਣ ਵਾਲਿਆਂ ਨੇ ਸੋਧਾਂ ਦੇ ਨਾਮ 'ਤੇ ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰਵਾ ਕੇ ਸਥਿਤੀ ਪਹਿਲਾਂ ਨਾਲੋਂ ਵੀ ਵੱਧ ਵਿਗਾੜ ਦਿੱਤੀ ਹੈ। ਜੇ ਦਸਵੀਆਂ, ਪੂਰਨਮਾਸ਼ੀਆਂ, ਮੱਸਿਆ ਸੰਗ੍ਰਾਂਦਾਂ ਪੂਜਣ ਵਾਲੇ ਗਾਂਧੀ, ਨਹਿਰੂ ਦਾ ਜਨਮ ਦਿਨ ਅਤੇ ਭਾਰਤ ਦਾ ਅਜ਼ਾਦੀ ਦਿਨ ਤੇ ਗਣਤੰਤਰਤਾ ਦਿਵਸ, ਕਰਮਵਾਰ 2 ਅਕਤੂਬਰ, 14 ਨਵੰਬਰ, 15 ਅਗਸਤ, 26 ਜਨਵਰੀ ਆਦਿਕ ਨੂੰ ਮਨਾਇਆ ਜਾ ਰਿਹਾ ਹੈ, ਤਾਂ ਸਿੱਖ; ਜਿੰਨ੍ਹਾਂ ਦਾ ਮੱਸਿਆ, ਪੂਰਨਮਾਸ਼ੀਆਂ, ਦਸਵੀਆਂ, ਸੰਗਰਾਂਦਾਂ ਨਾਲ ਸਿਧਾਂਤਕ ਤੌਰ 'ਤੇ ਕੋਈ ਸਬੰਧ ਹੀ ਨਹੀਂ ਹੈ; ਉਹ ਆਪਣੇ ਇਤਿਹਾਸਕ ਦਿਹਾੜੇ ਬੱਝਵੀਆਂ ਤਾਰੀਖਾਂ ਨੂੰ ਕਿਉਂ ਨਹੀਂ

ਮਨਾ ਸਕਦੇ ? ਇਹ ਠੀਕ ਹੈ ਕਿ ਮੱਸਿਆ, ਸੰਗਰਾਂਦਾਂ ਆਦਿਕ ਦਿਹਾੜਿਆਂ ਨੂੰ ਗੁਰਮਤਿ ਪ੍ਰਚਾਰ ਲਈ ਵਰਤਿਆ ਜਾ ਸਕਦਾ ਹੈ ਪਰ ਇਹ ਜ਼ਰੂਰੀ ਨਹੀ ਕਿ ਬ੍ਰਾਹਮਣ ਵੱਲੋਂ ਵਿਸ਼ੇਸ਼ ਤੌਰ 'ਤੇ ਪਵਿਤਰ ਦਿਨ ਹੋਣ ਦੇ ਪਾਏ ਗਏ ਭਰਮ ਭੁਲੇਖੇ ਅਨੁਸਾਰ ਅਸੀਂ ਉਨ੍ਹਾਂ ਤੋਂ ਹੀ ਪੁੱਛੀਏ ਕਿ ਪਵਿਤਰ ਦਿਹਾੜਾ ਕਿਸ ਦਿਨ ਆਵੇਗਾ ? ਸਾਡੇ ਲਈ ਉਹ ਦਿਨ ਹੀ ਚੰਗਾ ਤੇ ਪਵਿਤਰ ਹੈ ਜਿਸ ਦਿਨ ਗੁਰੂ ਦੀ ਹਜ਼ੂਰੀ 'ਚ ਬੈਠ ਕੇ ਹਰੀ ਦੇ ਗੁਣ ਗਾਉਣ ਦਾ ਮੌਕਾ ਮਿਲ ਜਾਵੇ :

**'ਸੋਈ ਦਿਵਸੁ ਭਲਾ ਮੇਰੇ ਭਾਈ॥ ਹਰਿ ਗੁਨ ਗਾਇ ਪਰਮ ਗਤਿ ਪਾਈ॥'**

**'ਨਾਨਕ, ਸੋਈ ਦਿਨਸੁ ਸੁਹਾਵੜਾ; ਜਿਤੁ ਪ੍ਰਭੁ ਆਵੈ ਚਿਤਿ॥**
**ਜਿਤੁ ਦਿਨਿ ਵਿਸਰੈ ਪਾਰਬ੍ਰਹਮੁ; ਫਿਟੁ ਭਲੇਰੀ ਰੁਤਿ॥'**

ਇਸ ਲਈ ਸਾਡੇ ਮਹੀਨੇ ਦੀ ਪਹਿਲੀ ਤਾਰੀਖ, ਜਿਸ ਨੂੰ ਭਾਵੇਂ ਸੰਗਰਾਂਦ ਹੀ ਕਹਿ ਲਓ ਉਹ ਬ੍ਰਾਹਮਣ ਦੀ ਜੰਤਰੀ ਵਿਚ ਵਿਖਾਈ ਗਈ ਸੰਗਰਾਂਦ ਨਾਲੋਂ ਵੱਖਰੀ ਹੋਣ ਨਾਲ ਕੋਈ ਗੁਰਮਤਿ ਸਿਧਾਂਤ ਨਹੀਂ ਟੁੱਟਣ ਲੱਗਾ ਅਤੇ ਨਾ ਹੀ ਕੋਈ ਅਸਮਾਨ ਡਿੱਗੇਗਾ। ਇਸ ਲਈ ਸਾਡੇ ਵਾਸਤੇ ਉਹ ਨਾਨਕਸ਼ਾਹੀ ਕੈਲੰਡਰ ਹੀ ਠੀਕ ਹੈ ਜਿਸ ਅਨੁਸਾਰ ਸਾਰੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ, ਇਤਿਹਾਸ ਵਿਚ ਦਰਜ ਤਾਰੀਖਾਂ ਅਨੁਸਾਰ ਹਮੇਸ਼ਾਂ ਲਈ ਸਥਿਰ ਤਾਰੀਖਾਂ ਨੂੰ ਹੀ ਆਉਣ।

ਹਰ ਵਪਾਰਕ, ਧਾਰਮਕ, ਸਮਾਜਕ ਅਤੇ ਸਰਕਾਰੀ ਸੰਸਥਾਵਾਂ ਦੇ ਵੱਖ ਵੱਖ ਮਹਿਕਮੇ ਹੁੰਦੇ ਹਨ ਅਤੇ ਹਰ ਮਹਿਕਮੇ ਦਾ ਕੰਮ ਚਲਾਉਣ ਲਈ ਉਸ ਕੰਮ ਦੇ ਮਾਹਰ ਵਿਅਕਤੀ ਨੂੰ ਉਸ ਦਾ ਮੁਖੀ ਥਾਪਿਆ ਜਾਂਦਾ ਹੈ। ਉਸ ਮਹਿਕਮੇ ਦਾ ਸੁਚੱਜੇ ਢੰਗ ਨਾਲ ਕੰਮ ਕਾਜ਼ ਚਲਾਉਣ ਦੀ ਜਿੰਮੇਵਾਰੀ ਉਸ ਮਹਿਕਮੇ ਦੇ ਮੁਖੀ ਦੀ ਹੁੰਦੀ ਹੈ। ਜਿਵੇਂ ਕਿ ਹਸਪਤਾਲ ਦਾ ਸੁਚੱਜਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਮੈਨੇਜਰ ਦੀ ਹੈ ਪਰ ਸਰੀਰ ਦੇ ਵੱਖ ਵੱਖ ਅੰਗਾਂ ਅਤੇ ਉਨ੍ਹਾਂ ਦੀਆਂ ਵੱਖ ਵੱਖ ਬੀਮਾਰੀਆਂ ਵਾਲੇ ਮਰੀਜਾਂ ਦਾ ਇਲਾਜ ਕਰਨਾ ਤੇ ਉਨ੍ਹਾਂ ਨੂੰ ਦੁਆਈ ਦੇਣ ਦਾ ਕੰਮ ਉਸ ਬੀਮਾਰੀ ਦੇ ਮਾਹਰ ਡਾਕਟਰ ਦਾ ਹੈ। ਜੇ ਮੈਨੇਜਰ ਹੀ ਆਪਣੀ ਮਰਜੀ ਨਾਲ ਮਰੀਜ ਦੀ ਦਵਾਈ ਬਦਲਣ ਲੱਗ ਪਏ ਤਾਂ ਮਰੀਜ ਦਾ ਜੋ ਹਸ਼ਰ ਹੋਏਗਾ ਉਹ ਕਿਸੇ ਤੋਂ ਗੁੱਝਾ ਹੋਇਆ ਨਹੀਂ ਹੈ। ਇਸੇ ਤਰ੍ਹਾਂ ਗੁਰਦੁਆਰੇ ਦਾ ਸੁਚੱਜਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈ; ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਅਨੁਸਾਰ ਗੁਰਬਾਣੀ ਦਾ ਪ੍ਰਚਾਰ ਕਰਨ ਦੀ ਜਿੰਮੇਵਾਰੀ ਗ੍ਰੰਥੀ ਸਿੰਘ ਅਤੇ ਪ੍ਰਚਾਰਕਾਂ ਦੀ ਹੈ ਅਤੇ ਕੌਮ ਦਾ ਕੈਲੰਡਰ ਬਣਾਉਣ ਦਾ ਕੰਮ ਵਿਦਵਾਨਾਂ ਦਾ ਹੈ। ਸੁਚੱਜਾ ਪ੍ਰਬੰਧ ਉਸੇ ਨੂੰ ਕਿਹਾ ਜਾ ਸਕਦਾ ਹੈ ਜੇ ਇਹ ਸਾਰੇ ਈਮਾਨਦਾਰੀ ਨਾਲ ਆਪੋ ਆਪਣੇ ਫ਼ਰਜ਼ ਸਹੀ ਢੰਗ ਨਾਲ ਨਿਭਾਉਣ। ਪਰ ਜੇ ਪ੍ਰਬੰਧਕ; ਗ੍ਰੰਥੀ ਤੇ ਪ੍ਰਚਾਰਕ ਨੂੰ ਕਹਿਣ, ਤੂੰ ਉਹ ਪ੍ਰਚਾਰ ਨਹੀ— ਕਰਨਾ ਜੋ ਗੁਰੂ ਕਹਿੰਦਾ ਹੈ, ਕਿਉਂਕਿ ਇਸ ਨਾਲ ਪਤਿਤ/ ਮਨਮਤੀ ਸਿੱਖਾਂ ਅਤੇ ਗੁਰੂ-ਘਰ ਦੇ ਵਿਰੋਧੀ ਡੇਰਿਆਂ ਨਾਲ ਜੁੜੀਆਂ ਸਾਡੀਆਂ



ਵੋਟਾਂ ਟੁੱਟ ਸਕਦੀਆਂ ਹਨ। ਇਸ ਲਈ ਤੂੰ ਪ੍ਰਚਾਰ ਉਹ ਕਰਨਾ ਹੈ ਜੋ ਅਸੀਂ ਕਹਿੰਦੇ ਹਾਂ! ਇਸੇ ਤਰ੍ਹਾਂ ਵੋਟਾਂ ਨੂੰ ਧਿਆਨ ਵਿਚ ਰੱਖ ਕੇ ਜੇ ਵਿਦਵਾਨਾਂ ਦੀ ਰਾਇ ਲਏ ਬਿਨਾਂ ਪ੍ਰਬੰਧਕ ਆਪ ਹੀ ਕੈਲੰਡਰ ਅਤੇ ਸਿੱਖ ਰਹਿਤ ਮਰਯਾਦਾ ਬਦਲਣ ਲੱਗ ਪੈਣ ਤਾਂ ਗੁਰਮਤਿ ਸਿਧਾਂਤਾਂ ਅਤੇ ਸਿੱਖ ਇਤਿਹਾਸ ਦਾ ਜੋ ਹਾਲ ਹੋਇਗਾ ਉਹ ਉਸੇ ਤਰ੍ਹਾਂ ਦਾ ਹੀ ਹੋਵੇਗਾ ਜਿਸ ਤਰ੍ਹਾਂ ਡਾਕਟਰ ਦੀ ਬਜਾਏ ਮੈਨੇਜਰ ਵੱਲੋਂ ਦਿੱਤੀ ਦਵਾਈ ਨਾਲ ਮਰੀਜ਼ ਦਾ ਹੋਣਾ ਹੈ।

ਇਹ ਖ਼ੁਸ਼ੀ ਦੀ ਗੱਲ ਹੈ ਕਿ ਭਾਈ ਕਿਰਪਾਲ ਸਿੰਘ ਬਠਿੰਡਾ ਦੇ ਯਤਨਾ ਸਦਕਾ ਬਠਿੰਡੇ ਦੀਆਂ ਸਮੂਹ ਸਿੱਖ ਜਥੇਬੰਦੀਆਂ ਤੇ ਸਮੂਹ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ 2003 ਵਾਲਾ ਅਸਲੀ ਨਾਨਕਸ਼ਾਹੀ ਕੈਲੰਡਰ ਮੁੜ ਲਾਗੂ ਕਰਨ ਲਈ ਮਤਾ ਪਾਸ ਕਰਕੇ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੂੰ ਸੌਂਪਿਆ ਗਿਆ; ਜਿਸ ਕਾਰਨ ਉਨ੍ਹਾਂ ਨੂੰ ਕਹਿਣਾ ਪਿਆ ਕਿ ਕੈਲੰਡਰ ਕੋਈ ਗੁਰਬਾਣੀ ਨਹੀਂ ਇਹ ਮੁੜ ਸੋਧਿਆ ਜਾ ਸਕਦਾ ਹੈ। ਬਠਿੰਡਾ ਦੀਆਂ ਸੰਗਤਾਂ ਦਾ ਇਹ ਬਹੁਤ ਹੀ ਸ਼ਾਲਾਘਾਯੋਗ ਉੱਦਮ ਹੈ ਜਿਸ ਸਦਕਾ ਬਠਿੰਡਾ ਦਾ ਨਾਮ ਸੰਸਾਰ ਦੇ ਨਕਸ਼ੇ ਵਿਚ ਉੱਘਾ ਹੋ ਗਿਆ ਹੈ। ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਏਕਤਾ ਅਤੇ ਦ੍ਰਿੜਤਾ ਦਾ ਸਬੂਤ ਦਿੰਦਿਆਂ ਕੈਲੰਡਰ ਨੂੰ ਕੌਮੀ ਮਸਲੇ ਵਜੋਂ ਲੈ ਕੇ ਮੁਹਿੰਮ ਨੂੰ ਜਾਰੀ ਰੱਖਣ ਸਦਕਾ ਬਠਿੰਡਾ ਦੀਆਂ ਸਮੂਹ ਸੰਗਤਾਂ ਵਧਾਈ ਦੀਆਂ ਪਾਤਰ ਹਨ। ਇਹ ਗੱਲ ਮੈਂ ਖ਼ਾਸ ਤੌਰ 'ਤੇ ਕਹਿਣੀ ਚਾਹਾਂਗਾ ਕਿ ਨਾਨਕਸ਼ਾਹੀ ਕੈਲੰਡਰ ਬਹਾਲ ਕਰਵਾਉਣ ਦਾ ਕੌਮੀ ਕੰਮ ਕਿਸੇ ਇੱਕ ਵਿਅਕਤੀ ਜਾਂ ਇੱਕ ਸੰਸਥਾ ਦਾ ਨਹੀਂ ਹੈ; ਇਸ ਲਈ ਸਾਰਿਆਂ ਨੂੰ ਹੀ ਇਸ ਮੁਹਿੰਮ ਵਿਚ ਸ਼ਾਮਲ ਹੋ ਕੇ ਆਪਣੇ ਕੌਮੀ ਫ਼ਰਜ਼ ਅਦਾ ਕਰਨੇ ਚਾਹੀਦੇ ਹਨ। ਹੋਰ ਸੰਗਤਾਂ ਨੂੰ ਕੈਲੰਡਰ ਸਬੰਧੀ ਜਾਣਕਾਰੀ ਦੇ ਕੇ ਜਾਗਰੂਕ ਕਰਨ ਲਈ ਭਾਈ ਕਿਰਪਾਲ ਸਿੰਘ ਵੱਲੋਂ ਤਿਆਰ ਅਤੇ ਸੰਪਾਦਤ ਕੀਤੇ ਇਸ ਕਿਤਾਬਚੇ ਨੂੰ 'ਗੁਰਮਤਿ ਸੇਵਾ ਲਹਿਰ' ਵੱਲੋਂ ਛਾਪ ਕੇ ਵੰਡਣ ਵਿਚ ਮੈਨੂੰ ਖ਼ੁਸ਼ੀ ਮਹਿਸੂਸ ਹੋ ਰਹੀ ਹੈ। 'ਗੁਰਮਤਿ ਸੇਵਾ ਲਹਿਰ' ਦੇ ਮੁੱਖ ਸੇਵਾਦਾਰ ਵਜੋਂ, ਸੰਗਤਾਂ ਦੇ ਸਹਿਯੋਗ ਨਾਲ, ਇਸ ਸੇਵਾ ਨੂੰ ਆਪਣਾ ਕੌਮੀ ਫ਼ਰਜ਼ ਸਮਝ ਕੇ ਨਿਭਾਉਣ ਵਿਚ ਮੈਨੂੰ ਅਥਾਹ ਖ਼ੁਸ਼ੀ ਹੋਵੇਗੀ।

ਆਸ ਹੈ ਕਿ ਇਸ ਕਿਤਾਬਚੇ ਨੂੰ ਪੜ੍ਹ ਕੇ ਸੰਗਤਾਂ ਕੈਲੰਡਰ ਸਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਕਰਨਗੀਆਂ ਅਤੇ ਆਪਣੇ ਹੋਰਨਾ ਸਾਥੀਆਂ ਤੱਕ ਪਹੁੰਚਾ ਕੇ ਪ੍ਰਚਾਰ ਵਿਚ ਆਪਣਾ ਯੋਗਦਾਨ ਪਾਉਂਦੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਬਹਾਲ ਕਰਵਾਉਣ ਲਈ ਵਿੱਢੀ ਮੁਹਿੰਮ ਨੂੰ ਸਫਲਤਾ ਮਿਲਣ ਤੱਕ ਜਾਰੀ ਰੱਖਣਗੀਆਂ।

**—ਭਾਈ ਪੰਥਪ੍ਰੀਤ ਸਿੰਘ ਖ਼ਾਲਸਾ**
ਮੁੱਖ ਸੇਵਾਦਰ, 'ਗੁਰਮਤਿ ਸੇਵਾ ਲਹਿਰ' ਭਾਈ ਬਖਤੌਰ (ਬਠਿੰਡਾ)
ਫ਼ੋਨ : (ਘਰ) 01655 237377, ਮੋਬ : 94632 12147

# ਹੈਨਿ ਵਿਰਲੇ

ਸਦੀਆਂ ਤੋਂ ਧਰਮੀ ਅਖਵਾਉਣ ਵਾਲਾ ਸਮਾਜ; ਧਰਮ ਦੇ ਨਾਮ ਹੇਠ ਜਾਤ-ਪਾਤ, ਵਰਣਾਸ਼੍ਰਮ, ਮਰਦ-ਔਰਤ, ਰੰਗ-ਨਸਲ, ਦੱਖਣ-ਪੱਛਮ ਆਦਿ ਵਿਸ਼ੇਸ਼ ਕਰਮ ਕਾਂਡ ਰੂਪ ਕੁਰੀਤੀਆਂ ਰਾਹੀਂ ਸਮਾਜ ਨੂੰ ਏਕ ਪਿਤਾ (ਖਸਮ) ਦੀ ਭਗਤੀ-ਭਾਵਨਾ ਤੋਂ ਵਰਜ ਕੇ ਅਨੇਕ ਦੇਵੀ, ਦੇਵਤਿਆਂ, ਪੱਥਰ ਪੂਜਾ, ਸੂਰਜ, ਚੰਦ, ਤਾਰੇ, ਪੇਡ ਪੌਦੇ, ਜਾਨਵਰਾਂ, ਨਦੀਆਂ, ਅੱਗ, ਪਾਣੀ, ਹਵਾ ਆਦਿ ਕਿਰਤਮ ਦੀ ਅਰਾਧਨਾ ਵੱਲ ਪ੍ਰੇਰਤ ਕਰਕੇ ਆਪਣੇ ਸੁਆਰਥ (ਆਰਥਿਕ ਲਾਭ) ਨੂੰ ਤਰਜੀਹ ਦਿੰਦਾ ਆ ਰਿਹਾ ਹੈ।

ਵਿਸ਼ਵ ਦੇ ਇਤਿਹਾਸ ਵਿਚ ਸਿੱਖ ਸਮਾਜ ਦੀ ਅਗਵਾਈ ਇੱਕ ਐਸੇ ਗੁਰੂ ਨੇ ਕੀਤੀ, ਜਿਸ ਨੇ ਜਗਤ ਨੂੰ ਏਕ ਪਿਤਾ (ਮਾਲਕ) ਦੀ ਹੋਂਦ ਦਾ ਅਹਿਸਾਸ ਕਰਵਾਇਆ, ਜੋ ਕਿ ਕਣ-ਕਣ ਵਿਚ ਵਿਆਪਕ ਸੀ / ਹੈ ਅਤੇ ਉਸ ਮਾਲਕ ਦੇ ਗੁਣ (ਵਿਸ਼ੇਸ਼ਣਾਂ) ਨੂੰ ਸਦੀਵੀ ਗੁਰੂ ਦੀ ਪਦਵੀ ਬਖਸ਼ੀ ਤਾਂ ਜੋ ਸਮਾਜ ਵਾਰ-ਵਾਰ ਉਕਤ ਬਿਆਨ ਕੀਤੇ ਅੰਧ ਵਿਸਵਾਸ ਵਿਚ ਆਪਣਾ ਕੀਮਤੀ ਮਨੁੱਖਾ ਸਮਾ ਅਜਾਂਈਂ ਨਾ ਗੁਆਉਂਦਾ ਰਹੇ। **'ਅਕਲੀ ਸਾਹਿਬੁ ਸੇਵੀਐ'** ਲਈ ਬਿਬੇਕੀ (ਗਿਆਨ) ਗੁਰੂ ਦੀ ਹੋਂਦ ਦੀ ਬੇੜੀ ਵਿਚ ਬਿਠਾਇਆ। **"ਕਹੁ ਕਬੀਰ, ਮੈ ਸੋ ਗੁਰੁ ਪਾਇਆ, ਜਾ ਕਾ ਨਾਉ ਬਿਬੇਕੋ ॥** (ਪੰਨਾ ੭੯੩)

**'ਹੈਨਿ ਵਿਰਲੇ ਨਾਹੀ ਘਣੇ, ਫੈਲ ਫਕੜੁ ਸੰਸਾਰੁ'** ॥ ਮ: ੧ ॥ ਵਾਕ ਅਨੁਸਾਰ; ਗੁਰੂ ਜੀ ਵਲੋਂ ਕੀਤੇ ਇਹਨਾਂ ਬਿਬੇਕੀ ਉਪਕਾਰਾਂ ਤੋਂ ਸਮਾਜ ਬਹੁਤਾ ਲਾਭ ਨਹੀਂ ਉਠਾ ਸਕਿਆ, ਜਿਵੇਂ ਕਿ ਪੁਰਾਤਨ ਚੱਲੀ ਆ ਰਹੀ ਮਰਯਾਦਾ ਅਨੁਸਾਰ ਸਮਾਜ; ਮਿਰਤਕ ਪ੍ਰਾਣੀ ਦੀਆਂ ਅਸਥੀਆਂ (ਫੁੱਲ) ਗੰਗਾ ਨਦੀ 'ਚ ਪਾਉਂਦਾ ਆ ਰਿਹਾ ਹੈ। ਸਿਖ ਸਮਾਜ ਨੇ ਬਦਲ ਕੇ ਫੁੱਲ ਕੀਰਤਪੁਰ ਪਾਉਣੇ ਸ਼ੁਰੂ ਕਰ ਦਿੱਤੇ, ਪੁਰਾਤਨ ਮਰਯਾਦਾ ਅਨੁਸਾਰ ਦੀਵਾਲੀ ਰਾਮ ਚੰਦਰ ਦੇ ਅਯੁੱਧਿਆ ਪਹੁੰਚਣ ਦੀ ਖੁਸ਼ੀ 'ਚ ਮਨਾਈ ਜਾਂਦੀ ਸੀ ਪਰ ਸਿੱਖ ਸਮਾਜ ਗੁਰੂ ਹਰਗੋਬਿੰਦ ਸਾਹਿਬ ਦੇ ਅੰਮ੍ਰਿਤਸਰ ਪਹੁੰਚਣ ਦੀ ਖੁਸ਼ੀ 'ਚ ਮਨਾਉਂਦਾ ਹੈ, 'ਹੋਲੀ' ਪ੍ਰਹਿਲਾਦ-ਹੋਲਿਕਾ ਨਾਲ ਸਬੰਧਤ ਨਾ ਹੋ ਕੇ ਹੋਲੇ ਮਹੱਲੇ ਦੇ ਰੂਪ ਵਿਚ ਮਨਾਈ ਜਾਂਦੀ ਹੈ ਜੋ ਕਿ ਮੀਰੀ 'ਤੇ ਪਹਿਰਾ ਦੇਣ ਦਾ ਪ੍ਰਤੀਕ ਮੰਨੀ ਜਾਂਦੀ ਸੀ ਪਰ ਅਜੋਕੇ ਤਿਉਹਾਰਾਂ ਦਾ ਪਿਛੋਕੜ ਇਤਿਹਾਸ ਨਾਲ ਕੋਈ ਵੀ ਸਬੰਧ ਨਹੀਂ, ਸਿਰਫ਼ ਪੁਰਾਤਨ ਮਰਯਾਦਾ ਨੂੰ ਸਦੀਵੀ ਅਪਣਾਈ ਰੱਖਣ ਲਈ ਕੰਧਾ ਹੀ ਬਦਲਿਆ ਹੈ, ਉਹਨਾਂ ਤੋਂ ਛੁਟਕਾਰਾ ਨਹੀਂ ਪਾਇਆ।

ਅਜੋਕੇ ਵਿਗਿਆਨਕ (ਖੋਜ-ਭਰਪੂਰ) ਯੁੱਗ ਵਿਚ ਵੀ ਸਿੱਖ ਸਮਾਜ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਕੱਤਕ ਜਾਂ ਵਿਸਾਖ! ਗੁਰੂ ਅਰਜੁਨ ਦੇਵ



ਜੀ ਦਾ ਸ਼ਹੀਦੀ ਦਿਹਾੜਾ ਕਦੋਂ? ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਕਦੋਂ? ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਿਰਾਏ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਕਿੰਨੀਆਂ ਸ਼ਾਦੀਆਂ? ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਮਹਾਂਪੁਰਖਾਂ ਦੀ ਬਾਣੀ ਦਰਜ? ਰਾਗਮਾਲਾ ਕਿਸ ਦੀ ਲਿਖੀ? ਮੂਲ ਮੰਤ੍ਰ ਕਿਥੋਂ ਤੱਕ? ਰਹਿਰਾਸ ਬਾਣੀ ਦਾ ਕੀ ਸਰੂਪ? ਨਿਤਨੇਮ ਦੀਆਂ ਕਿਹੜੀਆਂ-ਕਿਹੜੀਆਂ ਬਾਣੀਆਂ? ਕੱਚੀ ਅਤੇ ਪੱਕੀ ਬਾਣੀ ਦਾ ਕੀ ਸਿਧਾਂਤ? ਆਦਿ ਅਨੇਕਾਂ ਵਿਸ਼ਿਆਂ 'ਤੇ ਸਿੱਖ ਕੌਮ ਇੱਕ ਮਤਿ ਨਹੀਂ। ਸਾਡੀ ਨਵੀਂ ਪੀੜ੍ਹੀ ਸਾਥੋਂ ਕੀ ਸੰਸਕਾਰ ਲੈ ਸਕਦੀ ਹੈ? ਅਗਰ 'ਹੈਨਿ ਵਿਰਲੇ' ਵਿਚੋਂ ਕੋਈ ਸ: ਪੁਰੇਵਾਲ ਵਰਗਾ ਵੀਰ ਬਿਬੇਕ ਦੀ ਵਰਤੋਂ ਕਰਕੇ ਨਾਨਕਸ਼ਾਹੀ ਕੈਲੰਡਰ ਰਾਹੀਂ ਕੁਝ ਸੁਧਾਰ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਪੰਥ ਦੋਖੀ ਦਾ ਖਿਤਾਬ ਦਿੱਤਾ ਜਾਂਦਾ ਹੈ ਕਿਉਂਕਿ :

**"ਕਬੀਰ ਸਿਖ ਸਾਖਾ ਬਹੁਤੇ ਕੀਏ, ਕੇਸੋ ਕੀਓ ਨ ਮੀਤੁ" ॥**
**ਚਾਲੇ ਥੇ ਹਰਿ ਮਿਲਨ ਕਉ, ਬੀਚੈ ਅਟਕਿਓ ਚੀਤੁ ॥"** *(ਪੰਨਾ ੧੩੬੯)*

ਐਸੇ ਕੇਸਾਧਾਰੀ ਬ੍ਰਾਹਮਣਾਂ ਦਾ ਸਿੱਖ ਸਮਾਜ ਵਿਚ ਜਨਸੰਖਿਆ ਦੇ ਹਿਸਾਬ ਕਾਰਨ ਬੋਲ ਬਾਲਾ ਹੈ। ਬਦਕਿਸਮਤੀ ਨਾਲ ਨਾ-ਸਮਝ ਸੰਗਤ ਨੇ ਇਹਨਾਂ ਨੂੰ ਮਹਾਂਪੁਰਖ, ਸੰਤ, ਬ੍ਰਹਮਗਿਆਨੀ ਆਦਿ ਵਿਸ਼ੇਸ਼ਣਾਂ ਨਾਲ ਨਿਵਾਜਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਗੁਰੂ ਸਿਧਾਂਤ ਦੀ ਗੱਲ ਕਰਨੀ ਸਿੱਖਾਂ ਵਿਚ ਹੀ ਮੁਸ਼ਕਲ ਹੋ ਗਈ ਹੈ।

'ਹਿਰਦੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰਿ ਅਰਾਮ ਨਹੀਂ ਬਹਿੰਦੇ' ਭਾਵਨਾ ਅਨੁਸਾਰ ਸ. ਕਿਰਪਾਲ ਸਿੰਘ ਬਠਿੰਡਾ ਨੇ ਗੁਰਮਤਿ ਦੀ ਰੌਸ਼ਨੀ ਵਿਚ ਸ: ਪਾਲ ਸਿੰਘ ਪੁਰੇਵਾਲ ਵਲੋਂ ਕੀਤੀ ਮਿਹਨਤ ਨਾਨਕਸ਼ਾਹੀ ਕੈਲੰਡਰ ਵਿਅਰਥ ਨਾ ਚਲੀ ਜਾਵੇ, ਲਈ ਸਿੱਖ ਕੌਮ ਵਿਚ ਨਵੀਂ ਜਾਨ ਪਾਉਣ ਦਾ ਨਿਮਾਣਾ ਜਿਹਾ ਇੱਕ ਉੱਦਮ ਕੀਤਾ ਹੈ ਜੋ ਕਿ 'ਹੈਨਿ ਵਿਰਲੇ' ਲਈ ਇੱਕ ਪਲੇਟ ਫਾਰਮ ਤਿਆਰ ਕਰਦਾ ਹੈ।

ਮੀਰੀ-ਪੀਰੀ ਸਿਧਾਂਤ 'ਤੇ ਪਹਿਰਾ ਦੇਣ ਵਾਲਿਆਂ ਲਈ ਇਹ ਇੱਕ ਪਰਖ ਦੀ ਘੜੀ ਹੈ ਤਾਂ ਜੋ **"ਸਿਖ ਸਾਖਾ ਬਹੁਤੇ ਕੀਏ ॥"** ਤੋਂ ਗੁਰੂ ਘਰ ਅਜ਼ਾਦ ਕਰਵਾਏ ਜਾ ਸਕਣ।

**—ਅਵਤਾਰ ਸਿੰਘ (ਗਿਆਨੀ)**
(ਸੰਪਾਦਕ ਮਿਸ਼ਨਰੀ ਸੇਧਾਂ)
**ਠੂਠੀਆਂ ਵਾਲੀ, ਮਾਨਸਾ**
**ਮੋਬਾ: 98140-35202, 94637-90131**

# ਸੰਦੇਸ਼

ਜਿਸ ਤਰ੍ਹਾਂ ਈਸਾਈਆਂ ਦਾ ਧਰਮ ਈਸਾਈਅਤ ਹੈ, ਧਰਮ ਗ੍ਰੰਥ ਬਾਈਬਲ ਤੇ ਕੈਲੰਡਰ ਈਸਵੀ ਹੈ। ਹਿੰਦੂਆਂ ਦਾ ਧਰਮ ਹਿੰਦੂ, ਧਰਮ ਗ੍ਰੰਥ ਚਾਰ ਵੇਦ 18 ਪੁਰਾਣ ਅਤੇ 27 ਸਿਮ੍ਰਤੀਆਂ ਸਮੇਤ ਅਨੇਕਾਂ ਗ੍ਰੰਥ ਹਨ ਤੇ ਇਨ੍ਹਾਂ ਦਾ ਕੈਲੰਡਰ ਬਿਕ੍ਰਮੀ ਹੈ। ਮੁਸਲਮਾਨਾਂ ਦਾ ਧਰਮ ਇਸਲਾਮ, ਧਰਮ ਗ੍ਰੰਥ ਕੁਰਾਨ ਸ਼ਰੀਫ਼ ਅਤੇ ਕੈਲੰਡਰ ਹਿਜ਼ਰੀ ਹੈ। ਇਸੇ ਤਰ੍ਹਾਂ ਸਿੱਖਾਂ ਦਾ ਧਰਮ ਸਿੱਖ ਧਰਮ, ਧਾਰਮਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਕੈਲੰਡਰ ਨਾਨਕਸ਼ਾਹੀ ਕੈਲੰਡਰ ਹੈ। ਪਰ ਹਿੰਦੂ ਲਾਬੀ ਸਿੱਖ ਧਰਮ ਨੂੰ ਇੱਕ ਵੱਖਰਾ ਧਰਮ ਨਹੀਂ ਮੰਨਦੀ ਇਸ ਲਈ ਉਹ ਸਿੱਖ ਧਰਮ ਦੀ ਵੱਖਰੀ ਹੋਂਦ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਨੂੰ ਬ੍ਰਦਾਸ਼ਤ ਨਹੀਂ ਕਰ ਰਹੇ। ਉਨ੍ਹਾਂ ਕੋਲ ਵਿਕੇ ਸਾਡੇ ਸਾਧ ਲਾਣੇ ਨੇ ਇਸ ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰਵਾ ਦਿੱਤਾ ਹੈ। ਸਿੱਖ ਡੇਰੇਦਾਰ ਜਿਹੜੇ ਦਾਅਵਾ ਕਰਦੇ ਹਨ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕਰ ਰਹੇ ਹਨ ਅਸਲ ਵਿਚ ਉਹ ਗੁਰੂ ਨਾਨਕ ਦੇਵ ਜੀ ਦੀ ਇੱਕ ਵੀ ਗੱਲ ਨਹੀਂ ਮੰਨਦੇ। ਇਨ੍ਹਾਂ ਵੱਲੋਂ ਇਹ ਕਹਿਣਾ ਵੀ ਸੱਚਾਈ ਤੋਂ ਕੋਹਾਂ ਦੂਰ ਹੈ ਕਿ ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਅਰਜੁਨ ਸਾਹਿਬ ਜੀ ਨੇ ਬਾਰਹਮਾਹਾ ਤੇ ਥਿਤੀ ਬਾਣੀਆਂ ਉਚਾਰਣ ਕੀਤੀਆਂ ਹਨ, ਇਸ ਲਈ ਉਹ ਇਨ੍ਹਾਂ ਨੂੰ ਨਹੀਂ ਛੱਡ ਸਕਦੇ। ਗੁਰੂ ਸਾਹਿਬ ਜੀ ਨੇ ਇਨ੍ਹਾਂ ਬਾਣੀਆਂ ਵਿਚ ਕਿਸੇ ਵੀ ਥਾਂ ਚੰਦਰਮਾ ਜਾਂ ਸੂਰਜ ਦੀਆਂ ਇਨ੍ਹਾਂ ਤਿੱਥਾਂ ਤਾਰੀਖਾਂ ਅਨੁਸਾਰ ਆਪਣਾ ਕੈਲੰਡਰ ਬਣਾਉਣ ਜਾਂ ਇਨ੍ਹਾਂ ਨੂੰ ਪਵਿੱਤਰ ਜਾਣ ਕੇ ਪੂਜਣ ਦੀ ਗੱਲ ਨਹੀਂ ਕੀਤੀ ਸਗੋਂ ਇਨ੍ਹਾਂ ਵਿਚ ਦਰਜ ਮਹੀਨਿਆਂ ਤੇ ਤਿਥਾਂ ਦੇ ਪ੍ਰਮਾਣ ਬਿਲਕੁਲ ਉਸੇ ਤਰ੍ਹਾਂ ਦਿੱਤੇ ਹਨ ਜਿਵੇਂ ਅਨੇਕਾਂ ਹੋਰ ਥਾਵਾਂ ਤੇ ਹਿੰਦੂ ਮਿਥਿਹਾਸਕ ਕਥਾ ਕਹਾਣੀਆਂ ਦੇ ਪ੍ਰਮਾਣ ਦਿੱਤੇ ਹਨ। ਗੁਰਬਾਣੀ ਵਿਚ ਦਿੱਤੇ ਇਹ ਪ੍ਰਮਾਣ ਜੀਵਨ ਸੇਧਾਂ ਲਈ ਸੰਕੇਤਕ ਅਰਥ ਰੱਖਦੇ ਹਨ ਨਾ ਕਿ ਇਹ ਹੂ-ਬ-ਹੂ ਮੰਨਣ ਲਈ ਹਨ। ਜਿਵੇਂ ਕਿ ਗੁਰਬਾਣੀ ਵਿਚ ਪ੍ਰਮਾਣ ਹੈ : **'ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥ ੩॥'** **(ਕਬੀਰ ਜੀ, ਅੰਗ ੧੧੫੮)**। ਇਸ ਦਾ ਭਾਵ ਇਹ ਨਹੀਂ ਹੈ ਕਿ ਸਾਰੀ ਲੰਕਾ ਜਾਂ ਰਾਵਣ ਦਾ ਕਿਲ੍ਹਾ ਸੋਨੇ ਦਾ ਸੀ ਸਗੋਂ ਉਦਾਹਰਣ ਇਹ ਦਿੱਤੀ ਹੈ ਕਿ ਮੂਰਖ ਰਾਵਣ ਜੋ ਸਾਰੀ ਉਮਰ ਸੋਨਾ ਤੇ ਹੋਰ ਪਦਾਰਥ ਇਕੱਠੇ ਕਰਦਾ ਰਿਹਾ ਉਹ ਮਰਨ ਸਮੇਂ ਕੁਝ ਵੀ ਆਪਣੇ ਨਾਲ ਨਾ ਲਿਜਾ ਸਕਿਆ। ਇਹ ਸੰਕੇਤਕ ਭਾਵ ਅਰਥ ਨਾ ਸਮਝਣ ਵਾਲਾ ਸਾਧ ਲਾਣਾ ਕਹਿੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰਹਮਾਹਾ ਦਰਜ ਹੈ ਇਸ ਲਈ ਉਹ ਇਸ ਨੂੰ ਨਹੀਂ ਛੱਡ ਸਕਦੇ ਤਾਂ ਉਹ ਦੱਸਣ ਕਿ ਜਿਸ ਬਿਕ੍ਰਮੀ ਕੈਲੰਡਰ ਨੂੰ ਉਹ ਅਪਨਾਉਣ ਦੀ ਗੱਲ ਕਰਦੇ ਹਨ ਉਸ ਵਿਚ ਤਾਂ ਚੰਦਰ ਸਾਲ ਦੇ 12 ਦੀ ਬਜਾਏ 13 ਮਹੀਨੇ ਵੀ ਆ



ਜਾਂਦੇ ਹਨ; ਤਾਂ ਉਹ ਦੱਸਣ ਕਿ ਤੇਰਹਾਮਾਹਾ ਗੁਰੂ ਸਾਹਿਬ ਜੀ ਨੇ ਕਿੱਥੇ ਦਰਜ ਕੀਤਾ ਹੈ? ਫਿਰ ਜਿਨ੍ਹਾਂ ਪੂਰਨਮਾਸ਼ੀਆਂ, ਮੱਸਿਆ, ਸੰਗਰਾਂਦਾਂ ਨੂੰ ਉਹ ਪਵਿੱਤਰ ਦਿਹਾੜੇ ਦੱਸ ਕੇ ਮਨਾਉਣ ਦਾ ਪ੍ਰਚਾਰ ਕਰਦੇ ਹਨ ਉਨ੍ਹਾਂ ਸਬੰਧੀ ਗੁਰੂ ਸਾਹਿਬ ਜੀ ਤਾਂ ਕਹਿ ਰਹੇ ਹਨ : **'ਆਪੇ ਪੂਰਾ ਕਰੇ ਸੁ ਹੋਇ॥ ਏਹਿ ਥਿਤੀ ਵਾਰ ਦੂਜਾ ਦੋਇ॥ ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥'** **(ਬਿਲਾਵਲੁ ਮ: ੩, ਅੰਗ ੮੪੩)**

ਉਨ੍ਹਾਂ ਕੋਲ ਇਸ ਗੱਲ ਦਾ ਵੀ ਕੋਈ ਜਵਾਬ ਨਹੀਂ ਹੈ ਕਿ ਗੁਰੂ ਸਾਹਿਬ ਜੀ ਦਾ ਨਾਮ ਵਰਤ ਕੇ ਜਿਸ ਬਿਕ੍ਰਮੀ ਕੈਲੰਡਰ ਨਾਲ ਉਹ ਸਿੱਖਾਂ ਨੂੰ ਜੋੜੀ ਰੱਖਣਾ ਚਾਹੁੰਦੇ ਹਨ ਉਹ ਗੁਰੂ ਕਾਲ ਸਮੇਂ 'ਸੂਰਜ ਸਿਧਾਂਤ' ਅਨੁਸਾਰ ਸੀ ਪਰ 1964 ਵਿਚ ਪੰਡਤ ਵਿਦਵਾਨਾਂ ਨੇ ਉਸ ਨੂੰ ਸੋਧ ਕੇ 'ਦ੍ਰਿੱਕ ਸਿਧਾਂਤ' ਅਨੁਸਾਰ ਬਣਾ ਲਿਆ ਹੈ ਤੇ ਇਸ ਸਾਧ ਲਾਣੇ ਨੇ ਬਿਨਾਂ ਹੀਲ ਹੁੱਜਤ ਪੰਡਿਤਾਂ ਵੱਲੋਂ ਕੀਤੀ ਉਸ ਸੋਧ ਨੂੰ ਮੰਨ ਲਿਆ ਹੈ ਜਿਸ ਕਾਰਨ ਹੁਣ ਸੋਧਿਆ ਹੋਏ ਕੈਲੰਡਰ ਦੀਆਂ ਸੰਗਰਾਂਦਾਂ ਦ੍ਰਿੱਕ ਗਣਿਤ ਅਨੁਸਾਰ ਬਣੇ ਬਿਕਰਮੀ ਕੈਲੰਡਰ ਵਾਲੀਆਂ ਪ੍ਰਵਾਨ ਕਰ ਲਈਆਂ ਹਨ; ਤਾਂ ਉਹ ਕਿਹੜੀ ਤਾਕਤ ਜਾਂ ਸਾਜ਼ਿਸ਼ ਹੈ ਜੋ ਉਨ੍ਹਾਂ ਨੂੰ ਸਿੱਖ ਵਿਦਵਾਨਾਂ ਵੱਲੋਂ ਕੀਤੀ ਸੋਧ ਨੂੰ ਰੱਦ ਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਉਹ ਦੋ ਦੋ ਸੰਗਰਾਂਦਾਂ ਦਾ ਰੌਲ਼ਾ ਪਾ ਰਹੇ ਹਨ?

ਇੱਕ ਉਦਾਹਰਣ ਹੋਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਪੰਡਿਤ ਕੇਸ਼ੋ ਰਾਮ, ਕਾਲੀ ਦਾਸ ਦਾ ਭ੍ਰਮ ਦੂਰ ਕਰਨ ਲਈ ਦੇਵੀ ਪੂਜਣ ਦਾ ਕੌਤਕ ਰਚ ਕੇ ਦੇਵੀ ਪੂਜਾ ਦਾ ਖੰਡਨ ਕੀਤਾ ਸੀ ਪਰ ਅੱਜ ਲੱਖਾਂ ਕਮਲੇ ਲੋਕ ਨੈਣਾਂ ਦੇਵੀ ਦੀ ਯਾਤਰਾ ਕਰਨ ਲਈ ਪਹਾੜਾਂ 'ਤੇ ਤੁਰੇ ਜਾ ਰਹੇ ਹਨ; ਉਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਤਾਂ ਇਹ ਤਿੱਥ ਵਾਰ ਪੂਜਣ ਦੀ ਗੁਰਬਾਣੀ ਵਿਚ ਸਖਤ ਮਨਾਹੀ ਕੀਤੀ ਹੈ ਪਰ ਇਹ ਸਾਧ ਲਾਣਾ ਗੁਰੂ ਦੀ ਸਿੱਖਿਆ ਨੂੰ ਅੱਖੋਂ ਪਰੋਖੇ ਕਰਦੇ ਹੋਏ ਸੰਗਰਾਂਦਾਂ, ਮੱਸਿਆ, ਪੂਰਨਮਾਸ਼ੀਆਂ ਤੇ ਦਸਵੀਆਂ ਮਨਾਉਣ ਵਿਚ ਰੁਝੇ ਹੋਏ ਹਨ।

ਜਿਸ ਸਮੇਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਐਲਾਨ ਕਰਨਾ ਸੀ ਉਸ ਸਮੇਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀ ਪ੍ਰਵੀਨ ਤੋਗੜੀਆ ਅਤੇ ਆਰ.ਐੱਸ.ਐੱਸ. ਦੇ ਮੁਖੀ ਸੁਦਰਸ਼ਨ ਦੋਵਾਂ ਨੇ ਅੰਮ੍ਰਿਤਸਰ ਵਿਖੇ ਆ ਕੇ ਪ੍ਰੈੱਸ ਕਾਨਫਰੰਸ ਕੀਤੀ ਜਿਸ ਵਿਚ ਉਨ੍ਹਾਂ ਕਿਹਾ ਕਿ ਜੇ ਨਾਨਕਸ਼ਾਹੀ ਕੈਲੰਡਰ ਲਾਗੂ ਹੋ ਗਿਆ ਤਾਂ 1947 ਵਾਂਗ ਖ਼ੂਨ ਦੀਆਂ ਨਦੀਆਂ ਬਹਿ ਜਾਣਗੀਆਂ। ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਮੇਰੇ ਨਾਲ ਗੱਲ ਕਰਦਿਆਂ ਕਿਹਾ ਕਿ ਇਹ ਤਾਂ ਬੜਾ ਰੌਲ਼ਾ ਪੈ ਗਿਆ, ਹੁਣ ਕੀ ਕੀਤਾ ਜਾਵੇ? ਤਾਂ ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਬਾਬਾ ਜੀ (ਗਿਆਨੀ ਵੇਦਾਂਤੀ ਜੀ)! ਇਨ੍ਹਾਂ ਦਾ ਨਾਨਕਸ਼ਾਹੀ

ਕੈਲੰਡਰ ਨਾਲ ਕੀ ਸਬੰਧ ਹੈ; ਇਹ ਸਿੱਖਾਂ ਲਈ ਹੈ। ਲਾਗੂ ਇਨ੍ਹਾਂ ਨੇ ਨਹੀਂ ਕਰਨਾ, ਆਪਾਂ ਕਰਨਾ ਹੈ; ਇਸ ਲਈ ਤੁਸੀਂ ਲਾਗੂ ਕਰਨ ਦਾ ਐਲਾਨ ਕਰੋ; ਇਸ ਨੂੰ ਮੰਨਣਾ ਸਿੱਖਾਂ ਨੇ ਹੈ, ਲਾਗੂ ਸਿੱਖਾਂ ਨੇ ਕਰਨਾ ਹੈ, ਜੇ ਇਨ੍ਹਾਂ ਨੇ ਨਹੀਂ ਮੰਨਣਾ ਇਹ ਨਾ ਮੰਨਣ। ਇਸ ਤਰ੍ਹਾਂ ਹਿੰਦੂ ਲਾਬੀ ਦੇ ਵਿਰੋਧ ਨੂੰ ਦਰਕਿਨਾਰ ਕਰਕੇ ਸਿੱਖਾਂ ਦੀ ਵੱਖਰੀ ਹੋਂਦ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਲਾਗੂ ਹੋਇਆ ਸੀ। ਨਾਨਕਸ਼ਾਹੀ ਕੈਲੰਡਰ ਦਾ ਸਾਧ ਲਾਣੇ ਅਤੇ ਆਰ.ਐੱਸ.ਐੱਸ. ਵੱਲੋਂ ਇੱਕੋ ਤਰ੍ਹਾਂ ਦਾ ਕੀਤਾ ਗਿਆ ਵਿਰੋਧ ਸਪਸ਼ਟ ਕਰਦਾ ਹੈ ਕਿ ਇਨ੍ਹਾਂ ਦੋਵਾਂ ਦੀ ਆਪਸ ਵਿਚ ਡੂੰਘੀ ਸਾਂਝ ਹੈ।

ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਜਿਨ੍ਹਾਂ ਵੱਲੋਂ ਰੋਜ਼ ਹੀ ਅਖ਼ਬਾਰਾਂ ਵਿਚ ਬਿਆਨ ਅਤੇ ਇਸ਼ਤਿਹਾਰ ਦੇ ਕੇ ਇਹ ਪ੍ਰਚਾਰ ਕੀਤਾ ਗਿਆ ਕਿ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਅਰਜੁਨ ਸਾਹਿਬ ਜੀ ਦਾ ਸ਼ਹੀਦੀ ਦਿਵਸ 12 ਜੂਨ ਨੂੰ ਹੈ, ਇਸ ਲਈ ਸਾਰੀਆਂ ਸਿੱਖ ਸੰਗਤਾਂ 12 ਜੂਨ ਨੂੰ ਹੀ ਸ਼ਹੀਦੀ ਦਿਹਾੜਾ ਮਨਾਉਣ; ਉਹ ਦੱਸਣ ਕਿ ਸਿੱਖ ਇਤਿਹਾਸ ਨੂੰ ਕਿਉਂ ਵਿਗਾੜਿਆ ਜਾ ਰਿਹਾ ਹੈ? ਸੋਧੇ ਹੋਏ ਕੈਲੰਡਰ ਵਿੱਚ, ਅਸਲੀ ਨਾਨਕਸ਼ਾਹੀ ਕੈਲੰਡਰ ਵਾਂਗ ਹੀ ਹਰ ਸਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ 11 ਜੂਨ ਨੂੰ ਅੰਕਿਤ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਵਿਚ ਦਰਜ ਹੈ ਕਿ ਗੁਰੂ ਅਰਜੁਨ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ 5 ਦਿਨ ਤਸੀਹੇ ਦਿੱਤੇ ਗਏ ਸਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸਤੇ ਬਲਵੰਡ ਦੀ ਵਾਰ ਅਨੁਸਾਰ : **'ਗੁਰਿ ਚੇਲੇ ਰਹਰਾਸਿ ਕੀਈ; ਨਾਨਕਿ, ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ; ਜੀਵਦੈ ॥ ੧ ॥'** (**ਗੁਰੂ ਗ੍ਰੰਥ ਸਾਹਿਬ - ਪੰਨਾ ੯੬੬**) ਭਾਵ ਗੁਰੂ ਸਾਹਿਬ ਜੀ ਆਪਣੇ ਜਿਉਂਦੇ ਜੀ ਆਪਣੇ ਹੱਥੀਂ ਅਗਲੇ ਗੁਰੂ ਨੂੰ ਗੁਰਿਆਈ ਦਿੰਦੇ ਰਹੇ ਸਨ; ਤਾਂ ਦੱਸੋ ਜਹਾਂਗੀਰ ਨੇ 11 ਜੂਨ ਨੂੰ ਗੁਰੂ ਅਰਜੁਨ ਸਾਹਿਬ ਜੀ ਨੂੰ ਛੱਡ ਦਿੱਤਾ ਕਿ ਜਾਓ! ਜਾ ਕੇ ਗੁਰੂ ਹਰਿਗੋਬਿੰਦ ਨੂੰ ਗੁਰਿਆਈ ਦੇ ਆਓ! ਸੋਧੇ ਕੈਲੰਡਰ ਅਨੁਸਾਰ 2011 ਵਿਚ ਗੁਰੂ ਅਰਜੁਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 5 ਜੂਨ ਮਨਾਇਆ ਗਿਆ ਤੇ 2012 'ਚ 25 ਮਈ ਨੂੰ ਮਨਾਇਆ ਗਿਆ ਸੀ ਜਦੋਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਹਾੜਾ ਹਰ ਸਾਲ 11 ਜੂਨ ਨੂੰ ਹੀ ਮਨਾਇਆ ਜਾਂਦਾ ਹੈ। ਕੈਲੰਡਰ ਦੀ ਸੁਧਾਈ ਕਰਨ ਵਾਲੇ ਦੱਸਣ ਕਿ 2011 ਵਿਚ ਗੁਰੂ ਅਰਜੁਨ ਸਾਹਿਬ ਜੀ ਦੇ ਸ਼ਹੀਦ ਹੋਣ ਦੇ 6 ਦਿਨ ਪਿੱਛੋਂ ਅਤੇ 2012 'ਚ 17 ਦਿਨ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਕਿਸ ਨੇ ਦਿੱਤੀ? ਅਤੇ ਇਤਨੇ ਦਿਨ ਸਿੱਖਾਂ ਦਾ ਗੁਰੂ ਕੌਣ ਰਿਹਾ? ਅਸੀਂ ਹੋਰਾਂ ਨੂੰ ਦੋਸ਼ ਦਿੰਦੇ ਹਾਂ ਕਿ ਇਹ ਸਾਡਾ ਇਤਿਹਾਸ ਵਿਗਾੜ ਰਹੇ ਹਨ ਪਰ ਇਥੇ ਸਾਡੇ ਆਪਣੇ ਹੀ ਇਤਿਹਾਸ ਵਿਗਾੜ ਰਹੇ ਹਨ।



ਇੱਥੇ ਮੈਂ ਇੱਕ ਗੱਲ ਹੋਰ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ 2010 ਵਿਚ ਕੀਤੀਆਂ ਸੋਧਾਂ ਨੂੰ ਮੰਨਦਾ ਹਾਂ ਪਰ ਸੋਧੇ ਹੋਏ ਇਸ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਨਹੀਂ ਬਲਕਿ ਬਿਕਰਮੀ ਕੈਲੰਡਰ ਦੇ ਤੌਰ 'ਤੇ ਮੰਨਦਾ ਹਾਂ। ਮੈਂ ਸਾਧ ਲਾਣੇ ਅਤੇ ਸੋਧਾਂ ਕਰਨ ਵਾਲਿਆਂ ਨੂੰ ਵੀ ਅਪੀਲ ਕਰਦਾ ਹਾਂ ਕਿ ਜੇ ਉਹ ਬ੍ਰਾਹਮਣ ਵੱਲੋਂ ਚੰਗੀਆਂ ਮਾੜੀਆਂ ਤਿੱਥਾਂ ਦੇ ਪਾਏ ਗਏ ਭ੍ਰਮਜਾਲ ਵਿੱਚੋਂ ਨਿਕਲਣਾ ਨਹੀਂ ਚਾਹੁੰਦੇ ਤਾਂ ਉਹ ਸਿੱਧੇ ਤੌਰ 'ਤੇ ਬਿਕ੍ਰਮੀ ਕੈਲੰਡਰ ਨੂੰ ਅਪਣਾ ਲੈਣ ਪਰ ਇਸ ਨੂੰ ਨਾਨਕਸ਼ਾਹੀ ਕੈਲੰਡਰ ਆਖ ਕੇ ਸਿੱਖਾਂ ਨੂੰ ਭੁਲੇਖੇ ਵਿਚ ਨਾ ਰੱਖਣ।

ਦੂਰੋਂ ਵੇਖਿਆਂ ਮੈਨੂੰ ਇੰਝ ਪ੍ਰਤੀਤ ਹੁੰਦਾ ਸੀ ਕਿ ਕਿਰਪਾਲ ਸਿੰਘ ਬਠਿੰਡਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਵਿਰੋਧੀ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਉਨ੍ਹਾਂ ਦਾ ਵਿਰੋਧ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਨਹੀਂ ਬਲਕਿ ਉਥੇ ਲਾਗੂ ਸਿਸਟਮ ਅਤੇ ਕੰਮ ਕਰਨ ਦੇ ਢੰਗ ਨਾਲ ਹੈ। ਇਸ ਕਿਤਾਬਚੇ 'ਚ ਦਰਜ ਉਨ੍ਹਾਂ ਦੀਆਂ ਲਿਖਤਾਂ ਹੋ ਸਕਦਾ ਹੈ ਕਿਸੇ ਨੂੰ ਚੰਗੀਆਂ ਨਾ ਲੱਗਣ ਜਾਂ ਚੁੱਭਦੀਆਂ ਹੋਣ ਪਰ ਇਹ ਤੱਥਾਂ 'ਤੇ ਅਧਾਰਤ ਅਤੇ ਦਲੀਲ ਪੂਰਬਕ ਹਨ। ਮੈਂ ਆਸ ਕਰਦਾ ਹਾਂ ਕਿ ਸਿੱਖ ਕੌਮ ਦੀ ਵੱਖਰੀ ਹੋਂਦ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਹਾਲ ਕਰਵਾਉਣ ਲਈ ਸਿੱਖਾਂ ਨੂੰ ਜਾਗਰੂਕ ਕਰਕੇ ਲਾਮਬੰਦ ਕਰਨ ਵਿਚ ਇਹ ਕਿਤਾਬਚਾ ਕਾਫ਼ੀ ਉਪਯੋਗੀ ਸਿੱਧ ਹੋਵੇਗਾ।

ਮੈਂ ਗੁਰਮਤਿ ਦੇ ਨਿਧੜਕ ਤੇ ਨਿਸ਼ਕਾਮ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਭਾਈ ਬਖਤੌਰ ਦੀ ਇਸ ਗੱਲੋਂ ਸ਼ਲਾਘਾ ਕਰਦਾ ਹਾਂ ਕਿ ਜਿੱਥੇ ਉਹ ਨਾਨਕਸ਼ਾਹੀ ਕੈਲੰਡਰ ਮੁੜ ਬਹਾਲ ਕਰਨ ਲਈ ਲੋਕਤੰਤਰਕ ਢੰਗ ਨਾਲ ਲਹਿਰ ਖੜ੍ਹੀ ਕਰਨ ਲਈ ਸਭ ਤੋਂ ਵੱਧ ਯੋਗਦਾਨ ਪਾ ਰਹੇ ਹਨ ਉਥੇ ਸਿੱਖਾਂ ਨੂੰ ਨਾਨਕਸ਼ਾਹੀ ਕੈਲੰਡਰ ਸਬੰਧੀ ਜਾਣਕਾਰੀ ਦੇਣ ਲਈ ਇਸ ਕਿਤਾਬਚੇ ਨੂੰ ਛਪਵਾ ਕੇ ਮੁਫਤ ਵੰਡਣ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਆਪਣੇ ਸਿਰ 'ਤੇ ਲੈ ਲਈ ਹੈ। ਬਠਿੰਡਾ ਸ਼ਹਿਰ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਧਾਰਮਕ ਜਥੇਬੰਦੀਆਂ ਦਾ ਉੱਦਮ ਵੀ ਵਿਸ਼ੇਸ਼ ਤੌਰ 'ਤੇ ਸ਼ਲਾਘਾਯੋਗ ਹੈ।

ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਵਿਸ਼ੇਸ਼ ਤੌਰ 'ਤੇ ਮੇਰੇ ਵੱਲੋਂ ਸੰਦੇਸ਼ ਹੈ ਕਿ ਉਹ ਨਾਨਕਸ਼ਾਹੀ ਕੈਲੰਡਰ 'ਤੇ ਪਹਿਰਾ ਦਿੰਦੇ ਰਹਿਣ ਤੇ ਇੱਕ ਨਾ ਇੱਕ ਦਿਨ ਇਸੇ ਕੈਲੰਡਰ ਨੇ ਲਾਗੂ ਹੋਣਾ ਹੈ ਕਿਉਂਕਿ ਬਿਕ੍ਰਮੀ ਕੈਲੰਡਰ ਨਾਲ ਸਾਡਾ ਕੋਈ ਸਬੰਧ ਨਹੀਂ ਹੈ।

**—ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ**

**ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ।**

# ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ ?

ਕੈਲੰਡਰ ਭਾਵੇਂ ਕਿਸੇ ਵੀ ਕੌਮ ਜਾਂ ਦੇਸ਼ ਦਾ ਹੋਵੇ, ਇਸ ਦਾ ਮੁੱਖ ਕਾਰਜ ਸਮੇਂ ਦੀ ਗਿਣਤੀ ਮਿਣਤੀ ਤੋਂ ਇਲਾਵਾ ਕਿਸੇ ਕੌਮ ਲਈ ਧਾਰਮਕ ਤੌਰ 'ਤੇ ਪਵਿੱਤਰ ਅਤੇ ਇਹਿਾਸਕ ਤੌਰ 'ਤੇ ਮਹੱਤਵਪੂਰਨ ਦਿਨਾਂ ਨੂੰ ਇਤਹਿਾਸ ਦੇ ਪੰਨਿਆਂ ਉੱਤੇ ਅੰਕਿਤ ਕਰਨਾ ਹੁੰਦਾ ਹੈ। ਮਨੁੱਖੀ ਸਭਿਅਤਾ ਦੇ ਆਦਿ ਕਾਲ ਤੋਂ ਲੈ ਕੇ ਮਨੁੱਖ ਨੇ ਸਮੇਂ ਨੂੰ ਮਾਪਣ ਲਈ ਕਈ ਤਰੀਕੇ ਤੇ ਮਾਪਦੰਡ ਅਪਣਾਏ ਹਨ। ਵਿਸ਼ਵ ਦੀਆਂ ਵੱਖੋ-ਵੱਖਰੀਆਂ ਕੌਮਾਂ ਤੇ ਧਰਮਾਂ ਨੇ ਆਪੋ-ਆਪਣੀ ਸੂਝ ਅਨੁਸਾਰ ਆਪਣੇ ਕੈਲੰਡਰ ਬਣਾਏ ਹਨ। ਇਹ ਕੈਲੰਡਰ ਸੂਰਜੀ (Solar) ਜਾਂ ਫਿਰ ਚੰਦਰ (Lunar) ਸਾਲ ਦੀ ਲੰਬਾਈ ਉੱਪਰ ਅਧਾਰਿਤ ਹਨ। ਭਾਰਤ ਵਿਚ ਸੂਰਜੀ ਤੇ ਚੰਦਰ, ਦੋਨੋਂ ਕਿਸਮ ਦੇ ਕੈਲੰਡਰ ਪ੍ਰਚਲਤ ਹਨ। ਹੈਰਾਨੀਜਨਕ ਤੱਥ ਇਹ ਹੈ ਕਿ ਉੱਤਰੀ ਤੇ ਦੱਖਣੀ ਭਾਰਤ ਦੇ ਇਨ੍ਹਾਂ ਕੈਲੰਡਰਾਂ ਵਿਚ ਕੋਈ ਇਕਸਾਰਤਾ ਨਹੀਂ। ਜੇ ਕਰ ਉੱਤਰੀ ਭਾਰਤ ਵਿਚ ਚੰਦਰ ਸਾਲ ਅਨੁਸਾਰ ਕੋਈ ਮਹੀਨਾ ਪੂਰਨਮਾਸ਼ੀ 'ਤੇ ਖ਼ਤਮ ਹੁੰਦਾ ਹੈ ਤਾਂ ਉਹੀ ਮਹੀਨਾ ਦੱਖਣੀ ਭਾਰਤ ਵਿਚ ਮੱਸਿਆ ਉੱਤੇ ਖ਼ਤਮ ਹੁੰਦਾ ਹੈ। 1957 ਈਸਵੀ ਵਿਚ ਭਾਰਤ ਸਰਕਾਰ ਨੇ ਸਾਕਾ ਸੰਮਤ ਨੂੰ ਸਰਕਾਰੀ ਕੈਲੰਡਰ ਦੇ ਤੌਰ 'ਤੇ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਇਹ ਸਿਰਫ਼ ਸਰਕਾਰੀ ਤੌਰ 'ਤੇ ਛਪਣ ਵਾਲੇ ਕੈਲੰਡਰਾਂ ਤੇ ਡਾਇਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਸਚਾਈ ਇਹ ਹੈ ਕਿ ਸਰਕਾਰ ਤੇ ਆਮ ਲੋਕਾਂ ਨੇ ਰੋਜ਼ਾਨਾ ਕਾਰ-ਵਿਹਾਰ ਲਈ ਅਤੇ ਧਾਰਮਿਕ ਤੇ ਸਮਾਜਿਕ ਕਾਰਜਾਂ ਵਾਸਤੇ ਜਨਵਰੀ-ਫਰਵਰੀ ਵਾਲੇ ਸਾਂਝੇ ਕੈਲੰਡਰ ਨੂੰ ਅਪਣਾ ਲਿਆ ਹੈ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਤੇ ਕੌਮਾਂ ਨੇ ਆਪੋ-ਆਪਣੇ ਕੈਲੰਡਰ ਬਣਾਏ ਹੋਏ ਹਨ। ਮਿਸਾਲ ਦੇ ਤੌਰ 'ਤੇ ਜਹੂਦੀਆਂ, ਹਿੰਦੂਆਂ, ਈਸਾਈਆਂ ਤੇ ਮੁਸਲਮਾਨਾਂ ਦੇ ਆਪੋ-ਆਪਣੇ ਕੈਲੰਡਰ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਨਾਨਕਸ਼ਾਹੀ ਸੰਮਤ ਸਿੱਖ ਇਤਿਹਾਸ ਦੀਆਂ ਕਿਤਾਬਾਂ ਤੇ ਡਾਇਰੀਆਂ ਵਿਚ ਅੰਕਿਤ ਹੁੰਦਾ ਰਿਹਾ ਹੈ। ਪੁਰਾਣੇ ਇਤਿਹਾਸਕਾਰਾਂ ਤੇ ਜੋਤਸ਼ੀਆਂ ਨੇ ਨਾਨਕਸ਼ਾਹੀ ਸੰਮਤ ਦਾ ਆਰੰਭ 1526 ਬਿਕ੍ਰਮੀ ਮੁਤਾਬਕ 1469 ਈਸਵੀ ਤੋਂ ਮਿਥ ਕੇ ਮਹੀਨਿਆਂ ਦੇ ਦਿਨ, ਤਾਰੀਖਾਂ ਤੇ ਤਿੱਥਾਂ ਬਿਕ੍ਰਮੀ ਕੈਲੰਡਰ ਵਾਲੀਆਂ ਹੀ ਅਪਣਾਈਆਂ ਸਨ। ਭਾਰਤ ਵਿਚ ਪ੍ਰਚਲਤ ਸੂਰਜੀ ਤੇ ਚੰਦਰ ਸਾਲ ਕੈਲੰਡਰਾਂ ਵਿਚ ਕਈ ਕਿਸਮ ਦੀਆਂ ਤਰੁੱਟੀਆਂ ਹਨ। ਖ਼ਾਸ ਤੌਰ 'ਤੇ ਚੰਦਰ ਸਾਲ ਅਨੁਸਾਰ ਨਿਸਚਤ ਕੀਤੇ ਗੁਰਪੁਰਬ ਸਾਲ ਦੇ 365 ਦਿਨਾਂ ਵਿਚ ਕਿਸੇ ਪੱਕੀ ਤਾਰੀਖ ਉੱਪਰ ਆਉਣ ਦੀ ਬਜਾਏ ਅੱਗੇ ਪਿੱਛੇ ਹੁੰਦੇ ਰਹਿੰਦੇ ਹਨ। ਇਸ ਦੇ ਕੁਝ ਕਾਰਨ ਹਨ,



ਚੰਦਰ ਸਾਲ ਦਾ ਹਰ ਮਹੀਨਾ ਪੂਰਨਮਾਸ਼ੀ ਤੋਂ ਪੂਰਨਮਾਸ਼ੀ ਜਾਂ ਮੱਸਿਆ ਤੱਕ ਚਲਦਾ ਹੈ। ਇਸ ਤਰ੍ਹਾਂ ਚੰਦਰਮਾ ਅਨੁਸਾਰ ਪੂਰਾ ਸਾਲ 354 ਦਿਨਾਂ ਦਾ ਹੁੰਦਾ ਹੈ, ਪਰ ਭਾਵ ਸੂਰਜੀ ਸਾਲ ਨਾਲੋਂ 11 ਦਿਨ ਘੱਟ ਹੁੰਦਾ ਹੈ। ਚੰਦਰ ਸਾਲ ਨੂੰ ਸੂਰਜੀ ਸਾਲ ਲਈ ਮਿਲਾਈ ਰੱਖਣ ਲਈ ਪੰਡਿਤ ਲੋਕ ਹਰ ਤੀਜੇ ਸਾਲ ਚੰਦਰ ਸਾਲ ਦੇ ਮਹੀਨਿਆਂ ਦੀ ਗਿਣਤੀ 12 ਦੀ ਬਜਾਏ 13 ਕਰ ਦਿੰਦੇ ਹਨ। ਇਉਂ ਕਈ ਵਾਰੀ ਚੰਦਰ ਸਾਲ ਦੇ ਇੱਕੋ ਨਾਮ ਦੇ ਦੋ ਮਹੀਨੇ ਹੁੰਦੇ ਹਨ। ਇਸੇ ਨਵੇਂ ਜੋੜੇ ਜਾਂ ਵਾਧੂ ਮਹੀਨੇ ਨੂੰ ਲੌਂਦ ਦਾ ਮਹੀਨਾ ਜਾਂ ਮਲਮਾਸ ਕਿਹਾ ਜਾਂਦ ਹੈ। ਇਸ ਨੂੰ ਅਸ਼ੁਭ ਮੰਨਦੇ ਹੋਏ ਇਸ ਮਹੀਨੇ ਵਿਚ ਕਿਸੇ ਵੀ ਪ੍ਰਕਾਰ ਦਾ ਧਾਰਮਿਕ ਜਾਂ ਇਤਿਹਾਸਕ ਦਿਹਾੜਾ ਨਹੀਂ ਮਨਾਇਆ ਜਾਂਦਾ। ਨਤੀਜੇ ਵਜੋਂ ਮਲਮਾਸ ਤੋਂ ਬਾਅਦ ਆਉਣ ਵਾਲੇ ਗੁਰਪੁਰਬ ਪਿਛਲੇ ਸਾਲ ਨਾਲੋਂ 18/19 ਦਿਨ ਲੇਟ ਹੋ ਜਾਂਦੇ ਹਨ। ਇਸ ਕਰਕੇ ਚੰਦਰ ਸਾਲ ਅਨੁਸਾਰ ਮਨਾਏ ਜਾਣ ਵਾਲੇ ਗੁਰਪੁਰਬ ਤੇ ਦਿਹਾੜੇ 365 ਦਿਨਾਂ ਵਿਚ ਕਿਸੇ ਇੱਕ ਪੱਕੀ ਤਾਰੀਖ ਉੱਪਰ ਆਉਣ ਦੀ ਬਜਾਏ ਅੱਗੇ ਪਿੱਛੇ ਹੁੰਦੇ ਰਹਿੰਦੇ ਹਨ। ਉਦਾਹਰਨ ਵਜੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ (ਪੋਹ ਸੁਦੀ 7) ਕਈ ਵਾਰ ਸਾਂਝੇ ਸਾਲ ਵਿਚ ਦੋ ਵਾਰ ਤੇ ਕਈ ਵਰ ਉੱਕਾ ਹੀ ਨਹੀਂ ਆਉਂਦਾ, ਜੋ ਕਿ ਬੜੀ ਹਾਸੋਹੀਣੀ ਸਥਿਤੀ ਪੈਦਾ ਕਰਦਾ ਹੈ। ਸੋ ਇਹ ਅਤਿ ਜ਼ਰੂਰੀ ਹੈ ਕਿ ਚੰਦਰ ਸਾਲ (Moon year) ਦਾ ਤਿਆਗ ਕਰਕੇ ਸਿੱਖ ਇਤਿਹਾਸ ਦੀਆਂ ਸਹੀ ਤਾਰੀਖਾਂ ਜੋ ਕੈਲੰਡਰ ਵਿਚ ਹਮੇਸ਼ਾਂ ਸਥਿਰ ਰਹਿਣ, ਨਿਸਚਤ ਕਰ ਲਈਆਂ ਜਾਣ। ਇਸ ਵਾਸਤੇ ਸਿੱਖ ਪੰਥ ਲਈ ਇੱਕ ਆਧੁਨਿਕ ਤੇ ਸਾਇੰਟੀਫਿਕ ਕੈਲੰਡਰ ਦੀ ਲੋੜ ਬੜੀ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ।

ਭਾਰਤ ਵਿਚ ਸੂਰਜ ਅਨੁਸਾਰ ਪ੍ਰਚਲਤ ਬਿਕ੍ਰਮੀ ਕੈਲੰਡਰ ਦਾ ਸਾਲ ਮੌਸਮੀ ਸਾਲ ਨਹੀਂ ਹੈ। ਸਮੇਂ ਦੇ ਬੀਤਣ ਨਾਲ ਇਸ ਦੇ ਮਹੀਨੇ ਮੌਸਮਾਂ ਤੋਂ ਅਲਾਇਦਾ ਹੋ ਜਾਣਗੇ। ਇਸ ਦਾ ਮੁੱਖ ਕਾਰਨ ਬਿਕ੍ਰਮੀ ਸਾਲ ਦਾ ਮੌਸਮੀ ਸਾਲ ਨਾਲੋਂ ਤਕਰੀਬਨ 20 ਮਿੰਟ ਵੱਧ ਹੋਣਾ ਹੈ। ਇਸ ਦੇ ਉਲਟ ਸਾਂਝੇ ਸਾਲ ਦਾ ਮੌਸਮੀ ਸਾਲ ਨਾਲੋਂ ਫ਼ਰਕ 26 ਸੈਕੰਡ ਵੱਧ ਹੈ। ਉਪ੍ਰੋਕਤ ਕਾਰਨਾਂ ਕਰਕੇ ਜਿੱਥੇ 3300 ਸਾਲਾਂ ਵਿਚ ਸਾਂਝੇ ਸਾਲ ਦਾ ਮੌਸਮੀ ਸਾਲ ਨਾਲੋਂ ਇੱਕ ਦਿਨ ਦਾ ਫ਼ਰਕ ਪਵੇਗਾ, ਉਥੇ ਬਿਕ੍ਰਮੀ ਕੈਲੰਡਰ ਅਨੁਸਰ 70/71 ਸਾਲਾਂ ਵਿਚ ਇੱਕ ਦਿਨ ਦਾ ਫ਼ਰਕ ਪੈ ਜਾਵੇਗਾ। ਇਹ ਫ਼ਰਕ ਬਿਕ੍ਰਮੀ ਕੈਲੰਡਰ ਅਨੁਸਾਰ ਆਈਆਂ ਜਾਂ ਆਉਣ ਵਾਲੀਆਂ ਵੈਸਾਖੀ ਦੀਆਂ ਤਾਰੀਖਾਂ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ :

| ਈਸਵੀ | ਵੈਸਾਖੀ |
|---|---|
| 1753 | 9 ਅਪ੍ਰੈਲ |
| 1799 | 10 ਅਪ੍ਰੈਲ |

| | |
|---|---|
| 1899 | 12 ਅਪ੍ਰੈਲ |
| 1999 | 14 ਅਪ੍ਰੈਲ |
| 2100 | 15 ਅਪ੍ਰੈਲ |
| 2199 | 16 ਅਪ੍ਰੈਲ |

ਉਪਰੋਕਤ ਦ੍ਰਿਸ਼ਟੀ ਤੋਂ ਬਿਕ੍ਰਮੀ ਸਾਲ ਪਹਿਲੀ ਵੈਸਾਖ ਭਾਵ ਵੈਸਾਖੀ ਤਕਰੀਬਨ 1100 ਸਾਲ ਬਾਅਦ ਅਪ੍ਰੈਲ ਦੀ ਬਜਾਇ ਮਈ ਮਹੀਨੇ ਵਿਚ ਚਲੀ ਜਾਵੇਗੀ। ਜੇ ਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ 13000 ਸਾਲ ਬਾਅਦ ਇਹ ਵੈਸਾਖੀ ਅਕਤੂਬਰ ਦੇ ਅੱਧ ਵਿਚ ਆਵੇਗੀ। ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹ ਮਾਹਾ ਤੁਖਾਰੀ ਤੇ ਬਾਰਹਮਾਹਾ ਮਾਂਝ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਗੁਰੂ ਸਾਹਿਬਾਨ ਨੇ ਇਨ੍ਹ ਬਾਣੀਆਂ ਵਿਚਲਾ ਅਧਿਆਤਮਕ ਸੰਦੇਸ਼ ਜਨ-ਸਾਧਾਰਣ ਤੱਕ ਪਹੁੰਚਾਉਣ ਲਈ ਮਹੀਨਿਆਂ ਅਨੁਸਾਰ, ਮੌਸਮਾਂ ਰਾਹੀਂ ਬਿਆਨ ਕੀਤਾ ਹੈ :

1. **ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ (ਮ: ੫)**
2. **ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥ (ਮ: ੫)**
3. **ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥ (ਤੁਖਾਰੀ ਬਾਰਹਮਾਹਾ ਮ: ੧)**
4. **ਵੈਸਾਖੁ ਭਲਾ ਸਾਖਾ ਵੇਸ ਕਰੇ॥ (ਤੁਖਾਰੀ ਬਾਰਹਮਾਹਾ ਮ: ੧)**
5. **ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥ (ਤੁਖਾਰੀ ਬਾਰਹਮਾਹਾ ਮ: ੧)**
6. **ਆਸਾੜੁ ਭਲਾ ਸੂਰਜੁ ਗਗਨਿ ਤਪੈ॥ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥**
   **ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥**
   **(ਤੁਖਾਰੀ ਬਾਰਹਮਾਹਾ ਮ: ੧)**
7. **ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥**
   **ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥**
   **(ਤੁਖਾਰੀ ਬਾਰਹਮਾਹਾ ਮ: ੧)**

ਜੇਕਰ ਬਿਕ੍ਰਮੀ ਕੈਲੰਡਰ ਮੌਜੂਦਾ ਰੂਪ ਵਿਚ ਚਲਦਾ ਰਿਹਾ ਤਾਂ ਗੁਰਬਾਣੀ ਵਿਚ ਮਹੀਨਿਆਂ ਦਾ ਮੌਸਮਾਂ ਤੇ ਰੁਤਾਂ ਨਾਲੋਂ ਸਬੰਧ ਟੁੱਟ ਜਾਵੇਗਾ। ਗੁਰਬਾਣੀ ਵਿਚ ਵਰਨਣ ਮਹੀਨੇ ਦੀ ਰੁੱਤ ਕਿਸੇ ਹੋਰ ਹੀ ਮਹੀਨੇ ਵਿਚ ਆਇਆ ਕਰੇਗੀ। ਇਸ ਕਰਕੇ ਪ੍ਰਚਲਤ ਬਿਕ੍ਰਮੀ ਕੈਲੰਡਰ ਲਈ ਢੁੱਕਵਾਂ ਨਹੀਂ। ਸਿੱਖ-ਪੰਥ ਨੂੰ ਇੱਕ ਅਜੇਹੇ ਸੂਰਜੀ ਕੈਲੰਡਰ ਦੀ ਲੋੜ ਹੈ ਜੋ ਹਮੇਸ਼ਾਂ ਮੌਸਮਾਂ ਨਾਲ ਬੱਝਿਆ ਰਹੇ।

ਖ਼ੁਸ਼ਕਿਸਮਤੀ ਨਾਲ ਕੈਨੇਡਾ ਨਿਵਾਸੀ ਸ. ਪਾਲ ਸਿੰਘ ਪੁਰੇਵਾਲ ਕੈਲੰਡਰਾਂ



ਸਬੰਧੀ ਪਹਿਲਾ ਹੀ ਅਧਿਐਨ ਕਰ ਰਹੇ ਸਨ। ਉਨ੍ਹਾਂ ਆਪਣੀ ਖੋਜ ਉੱਪਰ ਅਧਾਰਿਤ 500 ਸਾਲਾ ਜੰਤਰੀ (1994) ਵੀ ਪ੍ਰਕਾਸ਼ਿਤ ਕਰਵਾਈ ਜਿਸ ਵਿਚ 1469 ਈ: ਤੋਂ ਲੈ ਕੇ 2000 ਈ: ਤੱਕ ਦੇ ਸਾਂਝੇ ਸੰਮਤ, ਬਿਕ੍ਰਮੀ ਸੰਮਤ, ਸੂਰਜੀ ਚੰਦਰ ਸਾਲ, ਹਿਜ਼ਰੀ ਸੰਮਤ ਤਰੀਕਾਂ ਦਿੱਤੀਆਂ ਹਨ। ਇਤਿਹਾਸਕਾਰਾਂ ਲਈ ਇਹ ਕਿਤਾਬ ਬਹੁਤ ਹੀ ਉਪਯੋਗੀ ਖੋਜ ਸੰਦ ਹੈ, ਜਿਸਦੀ ਸਹਾਇਤਾ ਨਾਲ ਤਰੀਕਾਂ ਦੀ ਪੜਚੋਲ ਅਤੇ ਇਨ੍ਹਾਂ ਦੀ ਇੱਕ ਸੰਮਤ ਤੋਂ ਦੂਸਰੇ ਵਿਚ ਤਬਦੀਲੀ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਸ: ਪਾਲ ਸਿੰਘ ਪੁਰੇਵਾਲ ਨੇ ਕੈਲੰਡਰਾਂ ਬਾਰੇ ਆਪਣੀ ਖੋਜ ਡਾ. ਜਸਬੀਰ ਸਿੰਘ ਮਾਨ ਕੈਲੇਫੋਰਨੀਆ ਨਾਲ ਸਾਂਝੀ ਕੀਤੀ। ਡਾ. ਮਾਨ, ਪੁਰੇਵਾਲ ਹੋਰਾਂ ਦੀ ਖੋਜ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਪੁਰੇਵਾਲ ਨੂੰ ਸੁਝਾਅ ਦਿੱਤਾ ਕਿ ਉਹ ਆਪਣੇ ਵਿਚਾਰ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਕੰਮ ਕਰ ਰਹੇ ਸਿੱਖ ਵਿਦਵਾਨਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਨਾਲ ਵੀ ਸਾਂਝੇ ਕਰਨ। ਡਾ. ਮਾਨ ਨੇ ਪੰਜਾਬ ਵਿੱਚਲੇ ਸਿੱਖ ਵਿਦਵਾਨਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਸ: ਪੁਰੇਵਾਲ ਦੇ ਕੈਲੰਡਰ 'ਤੇ ਸੈਮੀਨਾਰ ਆਯੋਜਿਤ ਕਰਨ ਲਈ ਪ੍ਰੇਰਿਤ ਕੀਤਾ। 1994-95 ਵਿਚ ਸ: ਪਾਲ ਸਿੰਘ ਪੁਰੇਵਾਲ ਨੇ ਭਾਰਤ ਵਿਚ ਪ੍ਰਚਲਤ ਸੂਰਜੀ ਅਤੇ ਚੰਦਰ ਸਾਲ ਕੈਲੰਡਰਾਂ ਦੀਆਂ ਊਣਤਾਈਆਂ ਵੱਲ ਧਿਆਨ ਦਿਵਾਇਆ ਅਤੇ ਇਸ ਮਕਸਦ ਲਈ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ, ਗੁਰੂ ਗੋਬਿੰਦ ਸਿੰਘ ਕਾਲਜ, ਵਿਸ਼ਵ ਸਿੱਖ ਸੰਮੇਲਨ ਅੰਮ੍ਰਿਤਸਰ (1995), ਅਕੈਡਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ ਪਟਿਆਲਾ ਆਦਿ ਥਾਂਵਾਂ ਉੱਪਰ ਸੈਮੀਨਾਰ ਵੀ ਕੀਤੇ। ਇਨ੍ਹਾਂ ਸੈਮੀਨਾਰਾਂ ਵਿਚ ਜਿੱਥੇ ਪ੍ਰਚੱਲਤ ਕੈਲੰਡਰਾਂ ਦੀਆਂ ਖਾਮੀਆਂ ਉਜਾਗਰ ਹੋਈਆਂ ਉੱਥੇ ਸਿੱਖ ਪੰਥ ਲਈ ਇੱਕ ਢੁਕਵੇਂ ਕੈਲੰਡਰ ਦੀ ਲੋੜ ਨੂੰ ਭਰਪੂਰ ਹੁੰਗਾਰਾ ਮਿਲਿਆ। 1996 ਈ. ਤੱਕ ਵਿਦਵਾਨਾਂ ਦੀਆਂ ਬੈਠਕਾਂ ਅਤੇ ਗੋਸ਼ਟੀਆਂ ਵਿਚ ਸਿੱਖ ਪੰਥ ਲਈ ਢੁਕਵੇਂ ਕੈਲੰਡਰ ਦੀ ਜ਼ਰੂਰਤ ਉੱਪਰ ਵਿਚਾਰ ਵਟਾਂਦਰਾ ਜਾਰੀ ਰਿਹਾ। ਇਸ ਦੇ ਸਿੱਟੇ ਵਜੋਂ ਨਾਨਕਸ਼ਾਹੀ ਕੈਲੰਡਰ ਦੀ ਮੁਢਲੀ ਰੂਪ ਰੇਖਾ ਹੋਂਦ ਵਿਚ ਆਈ। ਇਸ ਉਪਰੰਤ ਸਿੱਖ ਇਤਿਹਾਸ ਦੀਆਂ ਤਰੀਕਾਂ ਨੂੰ ਬਹੁਤ ਘੋਖ ਵਿਚਾਰ ਕਰਨ ਉਪਰੰਤ ਨਾਨਕਸ਼ਾਹੀ ਕੈਲੰਡਰ ਵਿਚ ਬਦਲਣ ਦਾ ਸਿਲਸਿਲਾ ਆਰੰਭ ਹੋਇਆ। ਇਸ ਵਿਚ ਇੰਸਟੀਚਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਸਬੰਧਤ ਇਤਿਹਾਸਕਾਰਾਂ ਤੋਂ ਇਲਾਵਾ ਹੋਰਨਾਂ ਵਿਦਵਾਨਾਂ ਨੇ ਵੀ ਬੜੀ ਦਿਲਚਸਪੀ ਦਿਖਾਈ ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਵਿਦਵਾਨਾਂ ਦੇ ਅਕਾਦਮਿਕ ਅਤੇ ਟੈਕਨੀਕਲ ਪ੍ਰਸ਼ਨਾਂ ਦੇ

ਹੱਲ ਲਈ ਸ: ਪਾਲ ਸਿੰਘ ਪੁਰੇਵਾਲ ਨੂੰ ਕੈਨੇਡਾ ਤੋਂ ਕਈ ਵਾਰ ਭਾਰਤ ਵੀ ਆਉਣਾ ਪਿਆ। ਇਉਂ ਨਾਨਕਸ਼ਾਹੀ ਕੈਲੰਡਰ ਦਾ ਜੋ ਖਰੜਾ ਤਿਆਰ ਹੋਇਆ ਉਹ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ। 1998 ਈ. ਦੇ ਬਜਟ ਸੈਸ਼ਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ (15/01/98) ਤੇ ਜਨਰਲ ਹਾਊਸ (18/03/98) ਨੇ ਇਸ ਕੈਲੰਡਰ ਨੂੰ ਪ੍ਰਵਾਨ ਕਰਦਿਆਂ ਜਨਵਰੀ 1999 ਤੋਂ ਇਸ ਨੂੰ ਲਾਗੂ ਕਰਨ ਦੇ ਮਤੇ ਪਾਸ ਕਰ ਦਿੱਤੇ। ਨਾਨਕਸ਼ਾਹੀ ਕੈਲੰਡਰ ਲਾਗੂ ਤਾਂ ਹੋ ਗਿਆ ਪਰ ਕੁਝ ਜਥੇਬੰਦੀਆਂ ਅਤੇ ਵਿਅਕਤੀਆਂ ਦੁਆਰਾ ਉਠਾਏ ਗਏ ਸ਼ੰਕਿਆਂ ਕਾਰਨ ਇਸ ਉੱਪਰ ਅਮਲ ਰੋਕ ਦਿੱਤਾ ਗਿਆ, ਇਸ ਉੱਪਰ ਮੁੜ ਵਿਚਾਰ ਕਰਨ ਲਈ ਇੱਕ 7 ਮੈਂਬਰੀ ਕਮੇਟੀ ਨਿਯੁਕਤ ਕਰ ਦਿੱਤੀ ਗਈ। ਅਖਬਾਰਾਂ ਵਿਚ ਇਹ ਪ੍ਰਕਾਸ਼ਿਤ ਕਰਵਾਇਆ ਗਿਆ ਕਿ ਜਿਸ ਕਿਸੇ ਨੂੰ ਨਾਨਕਸ਼ਾਹੀ ਕੈਲੰਡਰ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ 22 ਫਰਵਰੀ 1999 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਣ ਵਾਲੀ ਮੀਟਿੰਗ ਵਿਚ ਆਵੇ ਤੇ ਆਪਣੇ ਵਿਚਾਰ ਪ੍ਰਗਟਾਵੇ। ਉਪਰੋਕਤ ਮੀਟਿੰਗ ਵਿਚ ਜਿੱਥੇ ਪਾਲ ਸਿੰਘ ਪੁਰੇਵਾਲ ਦੀ ਨਾਨਕਸ਼ਾਹੀ ਕੈਲੰਡਰ ਬਣਾਉਣ ਲਈ ਸ਼ਲਾਘਾ ਕੀਤੀ ਗਈ ਉੱਥੇ ਇਹ ਵੀ ਫੈਸਲਾ ਕੀਤਾ ਗਿਆ ਕਿ 15 ਅਪਰੈਲ 1999 ਤੱਕ ਵਾਦ ਵਿਵਾਦ ਵਾਲੇ ਸਾਰੇ ਮਸਲੇ ਮੁਲਤਵੀ ਕਰ ਦਿੱਤੇ ਜਾਣ। ਜੂਨ 1999 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਨ ਦਾ ਐਲਾਨ ਕੀਤਾ ਪਰ ਫਿਰ ਵਿਚਾਰ ਕਰਨ ਖਾਤਰ ਅਮਲ ਰੋਕ ਦਿੱਤਾ ਗਿਆ। ਨਵੰਬਰ ਅਤੇ ਦਸੰਬਰ 1999 ਵਿਚ ਇਸ ਮਸਲੇ ਨੂੰ ਸੁਲਝਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੋ ਮੀਟਿੰਗਾਂ ਹੋਈਆਂ ਅੰਤ ਇੱਕ ਹੋਰ 7 ਮੈਂਬਰੀ ਕਮੇਟੀ ਇਸ ਉੱਪਰ ਵਿਚਾਰ ਕਰਨ ਲਈ ਗਠਿਤ ਕੀਤੀ ਗਈ। ਇਸਦੀ ਪਹਿਲੀ ਮੀਟਿੰਗ 6 ਜਨਵਰੀ 2000 ਨੂੰ ਹੋਈ ਜਿਸ ਵਿਚ ਕੈਲੰਡਰ ਦੀ ਪੰਥ ਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਲਈ ਸੈਮੀਨਾਰ ਕਰਵਾਉਣ ਦਾ ਨਿਰਣਾ ਲਿਆ ਗਿਆ। 2-3 ਸਾਲ ਇੰਜ ਹੀ ਬੀਤ ਗਏ ਤੇ ਨਾਨਕਸ਼ਾਹੀ ਕੈਲੰਡਰ ਦਾ ਮਾਮਲਾ ਲਟਕਦਾ ਰਿਹਾ। ਇਸ ਦੌਰਾਨ ਦੇਸ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਤੇ ਪੰਥਕ ਪ੍ਰਤੀਨਿਧਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਵਾਰ ਵਾਰ ਬੇਨਤੀ ਕੀਤੀ ਗਈ ਕਿ ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨੂੰ ਜਲਦੀ ਤੋਂ ਜਲਦੀ ਸੁਲਝਾਇਆ ਜਾਵੇ। 5 ਜੂਨ 2001 ਨੂੰ ਧਰਮ ਪ੍ਰਚਾਰ ਕਮੇਟੀ ਨੇ ਮਤਾ ਪਾਸ ਕਰਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਦਾ ਵਾਦ ਵਿਵਾਦ ਸੁਲਝਾਉਣ ਲਈ ਫਿਰ ਬੇਨਤੀ ਕੀਤੀ। ਨਵੰਬਰ 2002 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਿੰਘ ਸਾਹਿਬ



ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਕੋਈ ਅੰਤਿਮ ਨਿਰਣਾ ਕਰਨ ਲਈ ਕਦਮ ਚੁੱਕੇ ਜਾਣ। ਫਲਸਰੂਪ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ 8 ਜਨਵਰੀ 2003 ਨੂੰ ਸਿੱਖ ਇਤਿਹਾਸਕਾਰਾਂ, ਵਿਦਵਾਨਾਂ ਤੇ ਕੈਲੰਡਰ ਮਾਹਿਰਾਂ ਦੀ 11 ਮੈਂਬਰੀ ਕਮੇਟੀ ਨਿਯੁਕਤ ਕੀਤੀ ਤਾਂ ਕਿ ਨਾਨਕਸ਼ਾਹੀ ਕੈਲੰਡਰ ਉੱਪਰ ਮੁੜ ਵਿਚਾਰ ਕਰਕੇ ਖੁਲ੍ਹੇ ਦਿਮਾਗ ਅਤੇ ਸੁਹਿਰਦਤਾ ਭਰਪੂਰ ਤਰੀਕੇ ਰਾਹੀਂ ਕੋਈ ਅੰਤਿਮ ਨਿਰਨਾ ਕੀਤਾ ਜਾ ਸਕੇ। ਇਸ ਕਮੇਟੀ ਦੇ ਮੈਂਬਰ ਹੇਠ ਲਿਖੇ ਸਨ :

1. ਪ੍ਰੋ. ਕਿਰਪਾਲ ਸਿੰਘ ਚੰਡੀਗੜ੍ਹ।
2. ਪ੍ਰੋ. ਦਰਸ਼ਨ ਸਿੰਘ ਚੰਡੀਗੜ੍ਹ।
3. ਪ੍ਰੋ. ਗੁਰਨਾਮ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ।
4. ਪ੍ਰੋ. ਜੋਧ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।
5. ਡਾ. ਬਲਵੰਤ ਸਿੰਘ ਢਿੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
6. ਡਾ. ਕੁਲਵਿੰਦਰ ਸਿੰਘ ਬਾਜਵਾ, ਖਾਲਸਾ ਕਾਲਜ਼ ਅੰਮ੍ਰਿਤਸਰ।
7. ਪ੍ਰਿੰ. ਸਵਰਨ ਸਿੰਘ ਚੂਸਲੇਵੜ, ਪੱਟੀ, ਅੰਮ੍ਰਿਤਸਰ।
8. ਸ: ਅਜੀਤ ਸਿੰਘ ਪੁਰੇਵਾਲ, ਸ਼ਰੀਫਪੁਰਾ ਅੰਮ੍ਰਿਤਸਰ।
9. ਪ੍ਰਿੰ. ਅਮਰਜੀਤ ਸਿੰਘ ਦਮਦਮਾ ਸਾਹਿਬ ਤਲਵੰਡੀ ਸਾਬੋ, ਬਠਿੰਡਾ।
10. ਬੀਬੀ ਕਿਰਨਜੀਤ ਕੌਰ ਅੰਮ੍ਰਿਤਸਰ।
11. ਸ: ਪਾਲ ਸਿੰਘ ਪੁਰੇਵਾਲ ਕੈਨੇਡਾ।

ਇਸ ਕਮੇਟੀ ਦੀ ਪਹਿਲੀ ਮੀਟਿੰਗ 16 ਜਨਵਰੀ 2003 ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਇਸ ਮੀਟਿੰਗ ਵਿਚ ਸਿੱਖ ਪੰਥ ਲਈ ਨਾਨਕਸ਼ਾਹੀ ਕੈਲੰਡਰ ਦੀ ਲੋੜ ਨੂੰ ਅਸੂਲਨ ਤੌਰ 'ਤੇ ਪ੍ਰਵਾਨ ਕਰਦਿਆਂ ਇਸ ਉੱਪਰ ਲਗਾਏ ਦੋਸ਼ਾਂ 'ਤੇ ਉਠਾਏ ਸ਼ੰਕਿਆਂ ਦੇ ਸਮਾਧਾਨ ਲਈ ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਸੱਦੇ ਪੱਤਰ ਭੇਜਣ ਦਾ ਫੈਸਲਾ ਵੀ ਲਿਆ ਗਿਆ। ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀ ਅਗਲੀ ਮੀਟਿੰਗ 13 ਫਰਵਰੀ 2003 ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿਚ ਜਥੇਦਾਰ ਜੀ ਨੇ ਮੀਟਿੰਗ ਸੁਚਾਰੂ ਰੂਪ ਵਿਚ ਚਲਾਉਣ ਅਤੇ ਪ੍ਰੈੱਸ ਨੂੰ ਸੰਬੋਧਿਤ ਕਰਨ ਲਈ ਪ੍ਰੋ. ਦਰਸ਼ਨ ਸਿੰਘ ਨੂੰ ਕਨਵੀਨਰ ਵਜੋਂ ਕਾਰਜ ਕਰਨ ਦੀ ਜਿਮੇਂਵਾਰੀ ਸੌਂਪੀ। ਬਾਹਰੋਂ ਆਏ

ਵਿਸ਼ੇ ਦੇ ਮਾਹਰਾਂ ਨੂੰ ਕੈਲੰਡਰ ਬਾਰੇ ਬਿਨ੍ਹਾਂ ਝਿਜਕ, ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟਾਉਣ ਦੀ ਬੇਨਤੀ ਵੀ ਕੀਤੀ ਗਈ। ਵਿਦਵਾਨਾਂ ਦੇ ਵਿਚਾਰ ਸੁਣਨ ਉਪਰੰਤ ਨਾਨਕਸ਼ਾਹੀ ਕੈਲੰਡਰ ਲਈ ਮਾਪਦੰਡ ਨਿਰਧਤਾਰਿਤ ਕੀਤੇ ਗਏ ਜੋ ਇਸ ਪ੍ਰਕਾਰ ਹਨ :

1. ਭਾਰਤ ਵਿਚ ਚੱਲ ਰਹੇ ਸੂਰਜੀ ਤੇ ਚੰਦਰ ਸਾਲ ਕੈਲੰਡਰਾਂ ਵਿਚ ਕਈ ਕਿਸਮ ਦੀਆਂ ਤਰੁੱਟੀਆਂ ਹਨ, ਜਿਸ ਕਰਕੇ ਗੁਰਪੁਰਬਾਂ ਦੀਆਂ ਤਰੀਕਾਂ ਅੱਗੇ ਪਿੱਛੇ ਹੁੰਦੀਆਂ ਰਹਿੰਦੀਆਂ ਹਨ, ਇਸ ਲਈ ਸਿੱਖ ਪੰਥ ਨੂੰ ਇੱਕ ਨਵੇਂ ਕੈਲੰਡਰ ਦੀ ਜ਼ਰੂਰਤ ਹੈ ਜਿਸਦਾ ਆਧਾਰ ਗੁਰਬਾਣੀ ਤੋਂ ਇਲਾਵਾ ਵਿਗਿਆਨਕ ਸੂਝ ਵੀ ਹੋਵੇ।
2. ਉਪਰੋਕਤ ਅਨੁਸਾਰ ਜੋ ਨਵਾਂ ਕੈਲੰਡਰ ਬਣੇਗਾ ਉਸਨੂੰ ਨਾਨਕਸ਼ਾਹੀ ਜੰਤਰੀ ਨਹੀਂ ਬਲਕਿ ਨਾਨਕਸ਼ਾਹੀ ਕੈਲੰਡਰ ਕਰਕੇ ਜਾਣਿਆ ਜਾਵੇਗਾ।
3. ਨਾਨਕਸ਼ਾਹੀ ਕੈਲੰਡਰ ਸੂਰਜੀ ਮੌਸਮੀ ਸਾਲ (Tropical Year) ਦੀ ਲੰਬਾਈ ਉੱਪਰ ਅਧਾਰਿਤ ਹੋਵੇਗਾ।
4. ਨਾਨਕਸ਼ਾਹੀ ਸੰਮਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਸਾਲ ਤੋਂ ਹੋਵੇਗਾ, ਭਾਵ ਬਿਕਰਮੀ 1526 ਚੇਤ ਤੋਂ।
5. ਨਾਨਕਸ਼ਾਹੀ ਕੈਲੰਡਰ ਦੇ ਸਾਲ ਦਾ ਪਹਿਲਾ ਮਹੀਨਾ ਗੁਰਬਾਣੀ ਵਿਚ ਵਰਣਿਤ ਬਾਰਹ ਮਾਹਾ ਅਨੁਸਾਰ ਚੇਤ ਤੇ ਅਖੀਰਲਾ ਮਹੀਨਾ ਫੱਗਣ ਹੋਵੇਗਾ।
6. ਨਾਨਕਸ਼ਾਹੀ ਸਾਲ ਦੇ ਪਹਿਲੇ 5 ਮਹੀਨੇ ਚੇਤ, ਵੈਸਾਖ, ਜੇਠ, ਹਾੜ ਤੇ ਸਾਵਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ 31 ਹੋਵੇਗੀ। ਪਿਛਲੇ 7 ਮਹੀਨਿਆਂ ਭਾਦੋਂ, ਅੱਸੂ, ਕੱਤਕ, ਮੱਘਰ, ਪੋਹ ਤੇ ਫੱਗਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ 30 ਹੋਵੇਗੀ।
7. ਸਾਂਝੇ ਸੰਮਤ (Common Era) ਅਨੁਸਾਰ ਆਉਂਦੇ ਲੀਪ ਦੇ ਸਾਲ ਵਿਚ ਨਾਨਕਸ਼ਾਹੀ ਸਾਲ ਦਾ ਆਖ਼ਰੀ ਮਹੀਨਾ ਫੱਗਣ 31 ਦਿਨਾਂ ਦਾ ਹੋਵੇਗਾ।
8. ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਤਰੀਕ ਰਾਤ ਦੇ 12 ਵਜੇ ਆਰੰਭ ਹੋਵੇਗੀ।
9. ਸੂਰਜ ਉਦੈ ਦਾ ਸਮਾਂ ਨਿਰਧਾਰਿਤ ਕਰਨ ਲਈ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਰੇਖਾਂਸ਼ (Longitude) ਤੇ ਅਕਸ਼ਾਂਸ਼ (Latitude) ਨੂੰ ਕੇਂਦਰ ਮੰਨਿਆ ਜਾਵੇਗਾ।
10. ਖਾਲਸੇ ਦੇ 300 ਸਾਲਾ ਸਿਰਜਣਾ ਦਿਵਸ ਭਾਵ 531 ਨਾਨਕਸ਼ਾਹੀ



ਮੁਤਾਬਿਕ 1999 ਈ. ਵਿਚ ਵੈਸਾਖੀ ਤੋਂ ਗੁਰਪੁਰਬਾਂ ਤੇ ਸਿੱਖ ਇਤਿਹਾਸ ਦੇ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਤਰੀਕਾਂ ਵਿਚ ਬਦਲ ਦਿੱਤਾ ਜਾਵੇਗਾ। ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਬਦਲਣ ਲਈ ਅੰਗਰੇਜ਼ੀ ਤਾਰੀਖ ਨੂੰ ਨਹੀਂ ਬਲਕਿ ਪ੍ਰਵਿਸ਼ਿਟਿਆਂ ਨੂੰ ਮੁੱਖ ਰੱਖਿਆ ਜਾਵੇਗਾ।
11. ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਪੰਥ ਵਿਚ ਕੱਤਕ ਸੁਦੀ 15 (ਪੂਰਨਮਾਸ਼ੀ) ਨੂੰ ਮਨਾਉਣ ਦੀ ਪ੍ਰਥਾ ਕਾਫ਼ੀ ਦੇਰ ਤੋਂ ਚਲੀ ਆ ਰਹੀ ਹੈ। ਸਿੱਖ ਪੰਥ ਦੇ ਅਗਲੇ ਫੈਸਲੇ ਤੱਕ ਇਹ ਗੁਰਪੁਰਬ 1 ਵੈਸਾਖ ਦੀ ਬਜਾਏ ਕੱਤਕ ਸੁਦੀ 15 ਪੂਰਨਮਾਸ਼ੀ ਨੂੰ ਹੀ ਮਨਾਇਆ ਜਾਵੇਗਾ।
12. ਇਸੇ ਤਰ੍ਹਾਂ ਸੱਭਿਆਚਾਰਕ ਅਤੇ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਤਿਉਹਾਰ ਦਿਵਾਲੀ ਅਤੇ ਹੋਲਾ ਮਹੱਲਾ ਪਹਿਲੇ ਦੀ ਤਰ੍ਹਾਂ ਪ੍ਰਚੱਲਤ ਪ੍ਰੰਪਰਾ ਅਨੁਸਾਰ ਮਨਾਏ ਜਾਣਗੇ।
13. ਨਾਨਕਸ਼ਾਹੀ ਕੈਲੰਡਰ ਵਿਚ ਨਾਨਕਸ਼ਾਹੀ ਸੰਗਰਾਂਦ ਦੇ ਨਾਲ ਨਾਲ ਮੱਸਿਆ ਅਤੇ ਪੂਰਨਮਾਸ਼ੀ ਦੀਆਂ ਤਰੀਕਾਂ ਵੀ ਦਰਸਾਈਆਂ ਜਾਣਗੀਆਂ।

ਉਪਰੋਕਤ ਮਾਪਦੰਡਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਦੇ ਮੁਢਲੇ ਖਰੜੇ ਉੱਪਰ ਨਜ਼ਰਸਾਨੀ ਕਰਨ ਲਈ ਕੈਲੰਡਰ ਨਿਰਣੈ ਕਮੇਟੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ 10 ਮਾਰਚ ਤੇ 20 ਮਾਰਚ 2003 ਨੂੰ ਦੋ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿਚ ਵਿਸੇਸ਼ ਤੌਰ 'ਤੇ ਸੱਦੇ ਸਿੱਖ ਵਿਦਵਾਨਾਂ, ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਬਹੁਮੁੱਲੇ ਵਿਚਾਰਾਂ ਤੋਂ ਵੀ ਲਾਭ ਉਠਾਇਆ ਗਿਆ। ਜਿਨ੍ਹਾਂ ਵਿਦਵਾਨਾਂ ਤੇ ਸੰਸਥਾਵਾਂ ਨੇ ਆਪਣੇ ਸੁਝਾਅ ਲਿਖਤੀ ਰੂਪ ਵਿਚ ਭੇਜੇ ਸਨ ਉਨ੍ਹਾਂ ਨੂੰ ਵੀ ਵੀਚਾਰਿਆ ਗਿਆ। ਸਿੱਖ ਇਤਿਹਾਸ ਦੀਆਂ ਤਾਰੀਖਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲ ਕਰਨ ਲਈ ਕੈਲੰਡਰ ਨਿਰਣੈ ਕਮੇਟੀ ਦੀ ਸਬ ਕਮੇਟੀ ਦੀ ਇੱਕ ਮੀਟਿੰਗ 18 ਮਾਰਚ 2003 ਨੂੰ ਡਾ. ਬਲਵੰਤ ਸਿੰਘ ਢਿੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਇੱਕ 23 ਮਾਰਚ 2003 ਨੂੰ ਸ: ਅਨੁਰਾਗ ਸਿੰਘ ਲੁਧਿਆਣਾ ਦੇ ਘਰ ਕੀਤੀ ਗਈ।

ਅੰਤ 28 ਮਾਰਚ 2003 ਨੂੰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਿੱਖ ਵਿਦਵਾਨਾਂ, ਜਥੇਬੰਦੀਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਇੱਕ ਹੋਰ ਵੱਡਾ ਇੱਕਠ ਕੀਤਾ ਗਿਆ। ਇਸ ਇਕੱਠ ਵਿਚ ਕੈਲੰਡਰ ਨਿਰਣੈ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਗਈ ਤੇ ਸੰਗਤ ਵਿਚ ਹਾਜਰ ਵਿਦਵਾਨਾਂ ਤੇ ਨੁਮਾਇੰਦਿਆਂ ਨੂੰ ਨਾਨਕਸ਼ਾਹੀ ਕੈਲੰਡਰ ਦੇ ਨਵੇਂ ਖਰੜੇ ਉੱਪਰ ਵਿਚਾਰ ਪੇਸ਼ ਕਰਨ ਦੀ ਬੇਨਤੀ ਕੀਤੀ ਗਈ। ਫਲਸਰੂਪ ਨਾਨਕਸ਼ਾਹੀ ਕੈਲੰਡਰ ਦੇ ਇਸ ਖਰੜੇ ਨੂੰ ਸਰਬਸੰਮਤੀ ਨਾਲ ਸਵੀਕਾਰ ਕਰਨ ਦਾ

ਐਲਾਨ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕੀਤਾ ਤਾਂ ਜੈਕਾਰਿਆਂ ਦੀ ਗੂੰਜ ਵਿਚ ਇਸਦਾ ਸਵਾਗਤ ਕੀਤਾ ਗਿਆ। ਨਾਨਕਸ਼ਾਹੀ ਕੈਲੰਡਰ ਦੀ ਸਰਬ ਸੰਮਤੀ ਨਾਲ ਪ੍ਰਵਾਨਗੀ ਸਬੰਧੀ ਜੋ ਪੱਤਰ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ ਉਹ ਇਸ ਪ੍ਰਕਾਰ ਹੈ :-

"ਨਾਨਕਸ਼ਾਹੀ ਕੈਲੰਡਰ ਬਾਰੇ ਨਿਰਣਾ ਕਰਨ ਲਈ ਸਿੱਖ ਵਿਦਵਾਨਾਂ, ਸਿੱਖ ਇਤਿਹਾਸਕਾਰਾਂ ਅਤੇ ਕੈਲੰਡਰ ਮਾਹਿਰਾਂ ਦੀ 11 ਮੈਂਬਰੀ ਕਮੇਟੀ ਗਠਿਤ ਕੀਤੀ ਗਈ ਸੀ। ਇਸ ਕਮੇਟੀ ਨੇ ਵੱਖ ਵੱਖ ਪੰਥਕ ਸੰਪਰਦਾਵਾਂ, ਸੰਸਥਾਵਾਂ ਦੇ ਪ੍ਰਤੀਨਿਧਾਂ ਤੇ ਸਿੱਖ ਵਿਦਵਾਨਾਂ ਨਾਲ ਵਿਚਾਰ ਵਟਾਂਦਰੇ ਤੇ ਘੋਖ ਕਰਨ ਉਪਰੰਤ ਨਾਨਕਸ਼ਾਹੀ ਕੈਲੰਡਰ ਤਿਆਰ ਕਰ ਦਿੱਤਾ ਹੈ।28 ਮਾਰਚ 2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਇਕੱਤਰਤਾ ਵਿਚ ਇਸ ਕੈਲੰਡਰ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਕੈਲੰਡਰ ਦੀ ਇੱਕ ਕਾਪੀ ਆਪ ਜੀ ਨੂੰ ਭੇਜੀ ਜਾ ਰਹੀ ਹੈ ਜਿਸ ਨੂੰ ਪ੍ਰਕਾਸ਼ਿਤ ਕਰਕੇ ਸਿੱਖ ਜਗਤ ਵਿਚ ਪ੍ਰਚਾਰਨ ਤੇ ਲਾਗੂ ਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾਣ।"

ਸਿੰਘ ਸਾਹਿਬ ਦੁਆਰਾ ਪ੍ਰਵਾਨ ਕੀਤੇ ਇਸ ਖਰੜੇ ਨੂੰ ਜਦ ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 29 ਮਾਰਚ 2003 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਪੇਸ਼ ਕੀਤਾ ਤਾਂ ਉੱਥੇ ਵੀ ਇਸਦਾ ਭਰਪੂਰ ਸਵਾਗਤ ਕੀਤਾ ਗਿਆ। ਉਪਰੋਕਤ ਇਜਲਾਸ ਵਿਚ ਪਾਸ ਹੋਇਆ ਮਤਾ ਇਸ ਪ੍ਰਕਾਰ ਹੈ :-

"ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੁੱਜੇ ਪੱਤਰ ਅ :ਤ :03/3045 ਮਿਤੀ 28/03/2003 ਅਨੁਸਾਰ ਨਾਨਕਸ਼ਾਹੀ ਕੈਲੰਡਰ ਧਰਮ ਪ੍ਰਚਾਰ ਕਮੇਟੀ ਦੇ ਮਤਾ ਨੰਬਰ 698 ਮਿਤੀ 10/12/1997 ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 178 ਮਿਤੀ 15/09/98 ਜਨਰਲ ਹਾਊਸ ਦੇ ਮਤਾ ਨੰਬਰ 100 ਮਿਤੀ 18/03/98 ਰਾਹੀਂ ਪ੍ਰਵਾਨ ਹੋ ਕੇ ਲਾਗੂ ਕਰਨ ਦਾ ਫੈਸਲਾ ਹੋਇਆ ਸੀ, ਨੂੰ ਗੁਰਪੁਰਬਾਂ ਅਤੇ ਵਿਸ਼ੇਸ਼ ਦਿਨਾਂ-ਤਿਉਹਾਰਾਂ ਦੀਆਂ ਤਰੀਕਾਂ ਨੂੰ ਸੋਧਣ ਲਈ ਰੋਕ ਲਗਾ ਦਿੱਤੀ ਸੀ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਪ੍ਰਸਤੀ ਹੇਠ 11 ਮੈਂਬਰੀ ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਵੱਲੋਂ ਆਪਣੀਆਂ ਵੱਖ ਵੱਖ ਮੀਟਿੰਗ ਰਾਹੀਂ ਸਿੱਖ ਕੌਮ ਦੀਆਂ ਸਮੁੱਚੀਆਂ ਧਾਰਮਿਕ ਜਥੇਬੰਦੀਆਂ, ਸਿੰਘ ਸਭਾਵਾਂ ਤੇ ਬੁੱਧੀਜੀਵੀਆਂ ਦੇ ਸੁਝਾਵਾਂ ਨੂੰ ਘੋਖ ਕੇ ਮਿਤੀ 28 ਮਾਰਚ 2003 ਨੂੰ ਸਰਬ ਸੰਮਤੀ ਨਾਲ ਸੋਧੀਆਂ ਹੋਈਆਂ ਤਾਰੀਖ਼ਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਸਹਿਮਤੀ ਪ੍ਰਗਟਾ ਦਿੱਤੀ ਹੈ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਇਜਲਾਸ ਪਹਿਲੇ ਹੋਏ ਫੈਸਲਿਆਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 11 ਮੈਂਬਰੀ ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀ ਸੰਮਤੀ ਰਿਪੋਰਟ ਦੇ ਆਧਾਰ 'ਤੇ ਸੋਧੀਆਂ ਹੋਈਆਂ ਤਾਰੀਖ਼ਾਂ ਨਾਨਕਸ਼ਾਹੀ ਕੈਲੰਡਰ ਨੂੰ ਵੈਸਾਖੀ 2003 ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦਿੰਦਾ ਹੈ। ਇਸ ਖਰੜੇ ਮੁਤਾਬਿਕ ਡਾਇਰੀ ਅਤੇ ਕੈਲੰਡਰ ਆਦਿ ਸ: ਪਾਲ ਸਿੰਘ ਪੁਰੇਵਾਲ ਦੀ ਦੇਖ ਰੇਖ ਹੇਠ ਧਰਮ ਪ੍ਰਚਾਰ ਕਮੇਟੀ ਵੱਲੋਂ ਮਨਾਈਆਂ ਜਾਣ ਵਾਲੀਆਂ ਸ਼ਤਾਬਦੀਆਂ ਮੱਦ ਵਿੱਚੋਂ ਖਰਚ ਕਰਕੇ ਛਪਵਾਉਣ ਦੀ ਪ੍ਰਵਾਨਗੀ ਦਿੰਦਾ ਹੈ। ਇਹ ਇਜਲਾਸ ਵੈਸਾਖੀ 2003 ਤੋਂ ਸਮੂਹ ਗੁਰਦੁਆਰਾ ਸਾਹਿਬਾਨ ਵਿਖੇ ਗੁਰਪੁਰਬ ਅਤੇ ਹੋਰ ਦਿਨ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਏ ਜਾਣ ਲਈ ਸਿੱਖ ਸੰਗਤਾਂ ਨੂੰ ਸਮਾਜਿਕ ਅਤੇ ਪਰਵਾਰਿਕ ਕਾਰ ਵਿਹਾਰ ਇਸ ਕੈਲੰਡਰ ਅਨੁਸਾਰ ਕਰਨ ਦੀ ਅਪੀਲ ਕਰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਜਲਾਸ ਸਿੱਖ ਪੰਥ ਦੇ ਨਿਰਾਲੇ, ਨਿਆਰੇ ਅਤੇ ਨਿਵੇਕਲੇ ਸਰੂਪ ਨੂੰ ਦ੍ਰਿੜ ਕਰਵਾਉਣ ਵਾਲਾ, ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਲਈ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬਾਨ ਅਤੇ 11 ਮੈਂਬਰੀ ਕਮੇਟੀ ਵੱਲੋਂ ਕੀਤੀ ਗਈ ਅਣਥੱਕ ਮਿਹਨਤ ਦੀ ਭਰਪੂਰ ਪ੍ਰਸੰਸ਼ਾ ਕਰਦਾ ਹੈ।

ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀਆਂ ਵੱਖੋ ਵੱਖਰੀਆਂ ਮੀਟਿੰਗਾਂ ਵਿਚ ਸ਼ਾਮਲ ਹੋ ਕੇ ਜਿਨ੍ਹਾਂ ਸਿੱਖ ਵਿਦਵਾਨਾਂ, ਪੰਥਕ ਪ੍ਰਤੀਨਿਧਾਂ, ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਨਾਨਕਸ਼ਾਹੀ ਕੈਲੰਡਰ ਨੂੰ ਅਮਲੀ ਰੂਪ ਵਿਚ ਲਿਆਉਣ ਦੀ ਪ੍ਰਕਿਰਿਆ ਵਿਚ ਆਪਣਾ ਯੋਗਦਾਨ ਪਾਇਆ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :

1. ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ।
2. ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ।
3. ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
4. ਸ: ਹਰਬੇਅੰਤ ਸਿੰਘ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।

5. ਸ: ਰਘਵੀਰ ਸਿੰਘ, ਨਿੱਜੀ ਸਹਾਇਕ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
6. ਸ: ਤਰਸੇਮ ਸਿੰਘ ਚੇਅਰਮੈਨ ਧਰਮ ਪ੍ਰਚਾਰ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ।
7. ਸ: ਅਵਤਾਰ ਸਿੰਘ ਹਿੱਤ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ।
8. ਸ: ਜਗਮੋਹਨ ਸਿੰਘ ਟੋਨੀ, ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
9. ਡਾ. ਖੜਕ ਸਿੰਘ ਚੰਡੀਗੜ੍ਹ।
10. ਸ: ਮਨਜੀਤ ਸਿੰਘ ਕਲਕੱਤਾ ਅੰਮ੍ਰਿਤਸਰ।
11. ਡਾ. ਗੁਰਬਚਨ ਸਿੰਘ ਬਚਨ, ਅੰਮ੍ਰਿਤਸਰ।
12. ਸੰਤ ਬਾਬਾ ਕਸ਼ਮੀਰਾ ਸਿੰਘ, ਮੁਖੀ ਸੰਤ ਸਮਾਜ ਜਲੰਧਰ।
13. ਸੰਤ ਤੇਜਾ ਸਿੰਘ ਨਿਰਮਲ ਪੰਥ, ਖੁੱਡਾ ਹੁਸ਼ਿਆਰਪੁਰ।
14. ਭਾਈ ਅਜੈਬ ਸਿੰਘ ਅਭਿਆਸੀ, ਦਮਦਮੀ ਟਕਸਾਲ।
15. ਸ: ਕੁਲਵੰਤ ਸਿੰਘ ਉਰਦਨ, ਤਹਿਸੀਲ ਅਜਨਾਲਾ ਅੰਮ੍ਰਿਤਸਰ।
16. ਗਿਆਨੀ ਅਜੀਤ ਸਿੰਘ ਮੋਗਾ।
17. ਕਰਨਲ ਸੁਰਜੀਤ ਸਿੰਘ ਨਿਸ਼ਾਨ ਚੰਡੀਗੜ੍ਹ।
18. ਸ: ਅਨੁਰਾਗ ਸਿੰਘ ਲੁਧਿਆਣਾ।
19. ਪ੍ਰੋ. ਸੂਬਾ ਸਿੰਘ ਖਾਲਸਾ ਕਾਲਜ਼ ਅੰਮ੍ਰਿਤਸਰ।
20. ਡਾ. ਸੁਖਪ੍ਰੀਤ ਸਿੰਘ ਉਦੋਕੇ।
21. ਡਾ. ਗੁਰਦੇਵ ਸਿੰਘ ਗਿਰਗਲਾ ਅੰਮ੍ਰਿਤਸਰ।
22. ਪ੍ਰਿੰ. ਸੰਤੋਖ ਸਿੰਘ, ਸਿੰਘ ਸਭਾ ਅੰਮ੍ਰਿਤਸਰ।
23. ਪ੍ਰੋ. ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।
24. ਭਾਈ ਜਸਬੀਰ ਸਿੰਘ ਰੋਡੇ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।
25. ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ।
26. ਸ: ਜਸਵਿੰਦਰ ਸਿੰਘ ਐਡਵੋਕੇਟ, ਅਕਾਲ ਪੁਰਖ ਕੀ ਫੌਜ ਅੰਮ੍ਰਿਤਸਰ।
27. ਜਥੇਦਾਰ ਕੁਲਦੀਪ ਸਿੰਘ ਵਡਾਲਾ।
28. ਡਾ. ਬਿਕਰਮ ਸਿੰਘ, ਗੁਰਮਤਿ ਕਾਲਜ ਪਟਿਆਲਾ।
29. ਸ: ਬਲਵੰਤ ਸਿੰਘ ਬਹੋੜੂ, ਅੰਮ੍ਰਿਤਸਰ।



30. ਸ: ਹਰਕਰਮਜੀਤ ਸਿੰਘ ਢਿੱਲੋਂ, ਪਟਿਆਲਾ।
31. ਸ: ਚਮਕੌਰ ਸਿੰਘ ਐਡੀਟਰ ਗੁਰਮਤਿ ਪ੍ਰਕਾਸ਼।
32. ਪ੍ਰਿੰ. ਰਾਜਿੰਦਰ ਸਿੰਘ ਕਪੂਰਥਲਾ।
33. ਡਾ. ਹਰਜਿੰਦਰ ਸਿੰਘ ਦਿਲਗੀਰ।
34. ਜਥੇਦਾਰ ਚੜ੍ਹਤ ਸਿੰਘ, ਨੁਮਾਇੰਦੇ ਨਿਹੰਗ ਸਿੰਘ ਜਥੇਬੰਦੀਆਂ।
35. ਬਾਬਾ ਦਰਸ਼ਨ ਸਿੰਘ ਦਸ਼ਮੇਸ਼ ਤਰਨਾ ਦਲ, ਨਿਹੰਗ ਜਥੇਬੰਦੀ।
36. ਸ: ਚਰਨ ਸਿੰਘ ਲੁਹਾਰਾ, ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
37. ਸ: ਕੰਵਰਪਾਲ ਸਿੰਘ, ਅਕਾਲ ਫੈਡਰੇਸ਼ਨ ਅੰਮ੍ਰਿਤਸਰ।
38. ਸ: ਇੰਦਰਜੀਤ ਸਿੰਘ ਗੋਗੋਆਣੀ, ਗੁਰਮਤਿ ਸਾਹਿਤ ਸਭਾ ਅੰਮ੍ਰਿਤਸਰ।
39. ਸ: ਸਵਰਨ ਸਿੰਘ, ਇੰਚਾਰਜ਼, ਸਿੱਖ ਮਿਸ਼ਨ ਜੰਮੂ ਕਸ਼ਮੀਰ।
40. ਸ: ਦਿਲਜੀਤ ਸਿੰਘ ਬੇਦੀ, ਇੰਚਾਰਜ਼ ਪਬਲੀਸਿਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।
41. ਬਾਬਾ ਗੁਰਬਚਨ ਸਿੰਘ, ਮੁੱਖ ਸੇਵਾਦਾਰ ਦਸ਼ਮੇਸ਼ ਪਰਿਵਾਰ, ਇੰਟਰਨੈਸ਼ਨਲ ਸੰਸਥਾ ਅੰਮ੍ਰਿਤਸਰ।

ਨਾਨਕਸ਼ਾਹੀ ਨਿਰਣੈ ਕਮੇਟੀ ਦੀਆਂ ਮੀਟਿੰਗ ਵਿਚ ਵਿਚਾਰ ਪ੍ਰਗਟਾਉਣ ਵਾਲੇ ਉਪਰੋਕਤ ਸੱਜਣਾਂ ਤੇ ਸੰਸਥਾਵਾਂ ਤੋਂ ਇਲਾਵਾ ਕੁੱਝ ਵਿਦਵਾਨਾਂ ਤੇ ਸੰਸਥਾਵਾਂ ਨੇ ਆਪਣੇ ਸੁਝਾਅ ਲਿਖਤੀ ਰੂਪ ਵਿਚ ਵੀ ਭੇਜੇ ਜਿਨ੍ਹਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ :

1. ਸ: ਤਰਲੋਚਨ ਸਿੰਘ, ਚੇਅਰਮੈਨ ਨੈਸ਼ਨਲ ਕਮਿਸ਼ਨ ਫਾਰ ਮਾਇਨੋਰਟੀ, ਨਵੀਂ ਦਿੱਲੀ।
2. ਯੂ.ਪੀ. ਸਿੱਖ ਪ੍ਰਤੀਨਿਧੀ ਬੋਰਡ, ਲਖਨਊ।
3. ਡਾ. ਸੱਜਣ ਸਿੰਘ ਲਿਸ਼ਕ, ਪਟਿਆਲਾ।
4. ਭਾਈ ਅਰਦੱਮਣ ਸਿੰਘ ਝਬਾਲ, ਪ੍ਰਧਾਨ ਇੰਟਰਨੈਸ਼ਨਲ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਅੰਮ੍ਰਿਤਸਰ।
5. ਸ: ਜਰਨੈਲ ਸਿੰਘ, ਜਥੇਦਾਰ ਅਕਾਲੀ ਦਲ ਜਮਸ਼ੇਦਪੁਰ ਝਾਰਖੰਡ।
6. ਸ੍ਰੀ ਗੁਰੂ ਸਿੰਘ ਸਭਾ, ਸਾਊਥਹਾਲ ਲੰਡਨ ਇੰਗਲੈਂਡ।
7. ਸ: ਪ੍ਰੀਤਮ ਸਿੰਘ ਜਨਰਲ ਸਕੱਤਰ, ਸ੍ਰੀ ਗੁਰੂ ਸਿੰਘ ਸਭਾ ਮੱਧ ਪ੍ਰਦੇਸ਼ ਤੇ ਛਤੀਸਗੜ੍ਹ।

8. ਸਿਵਲ ਲਾਈਨਜ਼ ਸਿੰਘ ਸਭਾ ਫੈਡਰੇਸ਼ਨ ਦਿੱਲੀ।
9. ਓਨਟੇਰੀਓ ਗੁਰਦੁਆਰਾਜ਼ ਕਮੇਟੀ, ਟੋਰੰਟੋ, ਕੈਨੇਡਾ।
10. ਵਰਲਡ ਸਿੱਖ ਇੰਟੈਕਚੁਅਲ ਕੌਂਸਲ ਨਾਰਥ ਅਮਰੀਕਾ।
11. ਸ: ਸੰਤੋਖ ਸਿੰਘ ਓਟਵਾ, ਸਿੱਖ ਸੋਸਾਇਟੀ ਕੈਨੇਡਾ।
12. ਖਾਲੜਾ ਮਿਸ਼ਨ ਕਮੇਟੀ, ਅੰਮ੍ਰਿਤਸਰ।
13. ਸ: ਪ੍ਰਿਤਪਾਲ ਸਿੰਘ ਬਿੰਦਰਾ, ਟੋਰੰਟੋ ਕੈਨੇਡਾ।
14. ਸ: ਲਾਲ ਸਿੰਘ, ਨਾਭਾ ਜੇਲ੍ਹ, ਨਾਭਾ।
15. ਗਿਆਨੀ ਗੁਰਬਖਸ਼ ਸਿੰਘ ਰਾਹੀ, ਬਰਨਾਲਾ।
16. ਸ: ਮਲੂਕ ਸਿੰਘ ਚੰਡੀਗੜ੍ਹ।
17. ਸ: ਬਲਵੀਰ ਸਿੰਘ ਸੂਦ ਲੁਧਿਆਣਾ।
18. ਸ: ਇੰਦਰਜੀਤ ਸਿੰਘ ਮੋਹਾਲੀ।
19. ਸ: ਕਰਨੈਲ ਸਿੰਘ ਗਿੱਲ, ਓਟਵਾ ਕੈਨੇਡਾ।
20. ਸ: ਜਸਪਾਲ ਸਿੰਘ ਪਲਾਹ, ਕੈਨੇਡਾ।

ਸ: ਗੁਰਮੀਤ ਸਿੰਘ ਆਸਟ੍ਰੇਲੀਆ।

ਸ: ਪਰਮਜੀਤ ਸਿੰਘ, ਸ: ਨਰਿੰਦਰ ਸਿੰਘ ਢਿੱਲੋਂ, ਸ: ਅਵਤਾਰ ਸਿੰਘ ਸੰਧੂ, ਸ: ਪੂਰਨਜੀਤ ਸਿੰਘ, ਸ: ਮੋਹਨ ਸਿੰਘ, ਸਰੀ, ਵੈਨਕੂਵਰ ਕੈਨੇਡਾ।

ਸ: ਬਹਾਦਰ ਸਿੰਘ (ਈ-ਮੇਲ ਰਾਹੀਂ)

ਸ: ਐੱਸ.ਐੱਸ ਮਾਨ (ਈ-ਮੇਲ ਰਾਹੀਂ)

ਸ: ਅਮਨਦੀਪ ਸਿੰਘ ਗਰੇਵਾਲ (ਈ-ਮੇਲ ਰਾਹੀਂ)

ਸ: ਗੋਪਾਲ ਸਿੰਘ ਕੈਨੇਡਾ।

ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਨੇ ਮੁੱਢਲੇ ਨਾਨਕਸ਼ਾਹੀ ਕੈਲੰਡਰ ਦਾ ਗਹਿਨ ਅਧਿਐਨ ਕਰਕੇ ਉਸ ਉੱਪਰ ਨਜਰਸ਼ਾਨੀ ਕੀਤੀ ਹੈ। ਇਤਿਹਾਸ ਦੇ ਵੱਖੋ ਵੱਖਰੇ ਸਰੋਤਾਂ ਦਾ ਅਧਿਐਨ ਕਰਕੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਹੋਰ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੱਕੇ ਤੌਰ 'ਤੇ ਨਿਸ਼ਚਤ ਕਰ ਦਿੱਤਾ ਹੈ। ਤਾਰੀਖ ਨਿਸ਼ਚਤ ਕਰਦਿਆਂ ਅੰਗਰੇਜ਼ੀ ਤਾਰੀਖਾਂ ਨੂੰ ਨਹੀਂ ਬਲਕਿ ਦੇਸੀ ਤਾਰੀਖਾਂ (ਚੇਤ, ਵੈਸਾਖ ਆਦਿ) ਦੀਆਂ ਤਾਰੀਖਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹ ਦਾ ਹੈ ਅਤੇ ਹਮੇਸ਼ਾ ਹੀ 23 ਪੋਹ ਨੂੰ ਆਇਆ ਕਰੇਗਾ। ਇਹ ਕੈਲੰਡਰ ਕਿਸੇ ਖ਼ਾਸ ਫ਼ਿਰਕੇ ਜਾਂ ਧਰਮ ਦਾ ਵਿਰੋਧ ਕਰਨ



ਲਈ ਨਹੀਂ ਬਲਕਿ ਸਿੱਖ ਧਰਮ ਲਈ ਸਹੀ ਸਾਇੰਟਿਫਿਕ ਤੇ ਵਧੇਰੇ ਉਪਯੋਗੀ ਕੈਲੰਡਰ ਦੀ ਜ਼ਰੂਰਤ ਨੂੰ ਮੁੱਖ ਰੱਖਕੇ ਬਣਾਇਆ ਗਿਆ ਹੈ। ਇਹ ਧਿਆਨ ਵੀ ਰੱਖਿਆ ਹੈ ਕਿ ਪ੍ਰੰਪਰਾਗਤ ਕੈਲੰਡਰਾਂ ਦੇ ਉਲਟ ਇਹ ਕੈਲੰਡਰ ਸਰਲ ਤੇ ਸਾਦਾ ਹੋਵੇ ਤਾਂ ਕਿ ਇਸਨੂੰ ਲੋਕ ਸਹਿਜੇ ਹੀ ਸਮਝ ਅਤੇ ਅਪਣਾ ਸਕਣ। ਇਸੇ ਕਰਕੇ ਹੀ ਸਭਨਾਂ ਮਹੀਨਿਆਂ ਦੇ ਦਿਨ 31 ਜਾਂ 30 ਰੱਖੇ ਗਏ ਹਨ ਕਿਉਂਕਿ ਨਾਨਕਸ਼ਾਹੀ ਕੈਲੰਡਰ ਦੀਆਂ ਸੰਗਰਾਦਾਂ ਸਾਂਝੇ ਸੰਨ ਦੀਆਂ ਤਾਰੀਖਾਂ ਵਿਚ ਪੱਕੇ ਤੌਰ 'ਤੇ ਨਿਸ਼ਚਤ ਕਰ ਦਿੱਤੀਆਂ ਹਨ। ਇਸ ਲਈ ਭਵਿੱਖ ਵਿਚ ਜਦੋਂ ਕਦੀ ਵੀ ਸਾਂਝੇ ਸੰਨ ਵਿਚ ਸਮਾਯੋਜਨ (Adjustment) ਕੀਤੀ ਗਈ ਤਾਂ ਉਹ ਨਾਨਕਸ਼ਾਹੀ ਕੈਲੰਡਰ ਵਿਚ ਆਪਣੇ ਆਪ ਹੀ ਹੋ ਜਾਵੇਗੀ। ਸਹੂਲਤ ਲਈ ਨਾਨਕਸ਼ਾਹੀ ਕੈਲੰਡਰ ਦੇ ਬਰਾਬਰ 2020 ਤੱਕ ਦੀਆਂ ਹੋਲਾ ਮਹੱਲਾ, ਬੰਦੀ ਛੋੜ ਦਿਵਸ (ਦੀਵਾਲੀ) ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀਆਂ ਤਾਰੀਖਾਂ ਵੀ ਦਿੱਤੀਆਂ ਹਨ। ਸਥਾਨਕ ਮੇਲਿਆਂ ਦੀਆਂ ਤਾਰੀਖਾਂ ਨਿਸ਼ਚਤ ਕਰਨ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਮੀਦ ਹੈ ਇਹ ਨਾਨਕਸ਼ਾਹੀ ਕੈਲੰਡਰ ਗੁਰਮਤਿ ਤੋਂ ਪ੍ਰੇਰਿਤ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਭਵਿੱਖ ਵਿਚ ਪੰਥ ਦੇ ਇਤਿਹਾਸ ਵਿਚ ਅਹਿਮ ਭੂਮਿਕਾ ਨਿਭਾਏਗਾ।

**ਗੁਰੂ ਪੰਥ ਦੇ ਦਾਸ :**

**—ਪਾਲ ਸਿੰਘ ਪੁਰੇਵਾਲ**

**3855-47 ਸਟ੍ਰੀਟ ਐਡਮੰਟਨ, ਅਲਬਰਟਾ, T6L5B3 ਕੈਨੇਡਾ।**

**ਫੋਨ : (403)463-2306**, +17804632306

**Email : pspurewal@gmail.com**

**—ਬਲਵੰਤ ਸਿੰਘ ਢਿੱਲੋਂ (ਡਾ.)**

**ਮੁਖੀ ਗੁਰੂ ਨਾਨਕ ਅਧਿਐਨ ਵਿਭਾਗ,**

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

# (ਕ) ਸੋਧਿਆ ਕੈਲੰਡਰ - ਗਜਾ ਕਰਕੇ ਲਿਆਂਦੀ ਦਾਲ ਵਰਗਾ

**—ਕਿਰਪਾਲ ਸਿੰਘ ਬਠਿੰਡਾ**

ਧੁੰਮਾ ਅਤੇ ਮੱਕੜ ਦੋ ਮੈਂਬਰੀ ਕਮੇਟੀ ਦੀ ਸਿਫਾਰਸ਼ 'ਤੇ ਸੋਧ ਦੇ ਨਾਮ 'ਤੇ ਵਿਗਾੜੇ ਗਏ ਕੈਲੰਡਰ ਨੂੰ ਗਹੁ ਨਾਲ ਵਾਚਿਆਂ ਮੈਨੂੰ ਇਹ ਪਿੰਡਾਂ ਦੇ ਗੁਰਦੁਆਰਿਆਂ ਤੇ ਸਾਧਾਂ ਦੇ ਡੇਰਿਆਂ ਵਿਚ ਗਜਾ ਕਰਕੇ ਲਿਆਂਦੀ ਗਈ ਦਾਲ ਵਰਗਾ ਲੱਗਿਆ। ਤੁਸੀਂ ਪੁੱਛੋਗੇ ਕਿ ਗਜਾ ਕਰਕੇ ਲਿਆਂਦੀ ਗਈ ਦਾਲ ਦਾ ਕੈਲੰਡਰ ਨਾਲ ਕੀ ਸਬੰਧ ਹੈ? ਪੰਜਾਬ ਦੇ ਪਿੰਡਾਂ ਵਿਚ ਰਹਿਣ ਵਾਲੇ ਸਾਰੇ ਹੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਡਾਲੀ ਵਾਲਾ ਦੋਵਾਂ ਹੱਥਾਂ ਵਿਚ ਬਾਲਟੀਆਂ ਫੜ ਕੇ ਤੇ ਗਲ ਵਿਚ ਬਗਲੀ ਲਮਕਾ ਕੇ ਘਰ-ਘਰ 'ਚ ਗਜਾ ਕਰਨ ਲਈ ਜਾਂਦਾ ਹੈ। ਹਰ ਘਰ ਵਿੱਚੋਂ ਇੱਕ-ਇੱਕ ਪ੍ਰਸ਼ਾਦਾ ਫੜ ਕੇ ਬਗਲੀ ਵਿਚ ਰੱਖ ਲੈਂਦਾ ਹੈ, ਦੁੱਧ ਦਾ ਇਕ ਗਲਾਸ ਇੱਕ ਬਾਲਟੀ ਵਿਚ ਅਤੇ ਦਾਲ ਦੀ ਇੱਕ ਕੜਛੀ ਦੂਜੀ ਬਾਲਟੀ ਵਿਚ ਪਵਾ ਲੈਂਦਾ ਹੈ। ਕਿਸੇ ਘਰ ਵਿਚ ਕੋਈ ਸਬਜੀ, ਕਿਸੇ ਘਰ 'ਚ ਕੋਈ ਦਾਲ, ਕਿਸੇ ਘਰ ਵਿਚ ਕੜ੍ਹੀ ਤੇ ਕਿਸੇ 'ਚ ਸਾਗ ਬਣਿਆ ਹੁੰਦਾ ਹੈ। ਡਾਲੀ ਵਾਲਾ ਵੀਚਾਰਾ ਇੰਨੇ ਭਾਂਡੇ ਤਾਂ ਚੁੱਕ ਨਹੀਂ ਸਕਦਾ ਇਸ ਲਈ ਸਭ ਨੂੰ ਇੱਕੋ ਬਾਲਟੀ ਵਿਚ ਪਵਾਈ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਭਾਰਤ ਵਿਚ ਪ੍ਰਚਲਤ ਵੱਖ ਵੱਖ ਕੈਲੰਡਰਾਂ ਵਿੱਚੋਂ ਥੋੜ੍ਹਾ ਥੋੜ੍ਹਾ ਲੈ ਕੇ ਇਸ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਦਾ ਹੁਲੀਆ ਗਜਾ ਕਰਕੇ ਲਿਆਂਦੀ ਦਾਲ ਵਰਗਾ ਬਣਾ ਦਿੱਤਾ ਹੈ। ਗੁਰੂਕਾਲ ਤੋਂ ਲੈ ਕੇ ਹੁਣ ਤੱਕ ਭਾਰਤ ਵਿਚ ਕਈ ਤਰ੍ਹਾਂ ਦੇ ਕੈਲੰਡਰ ਪ੍ਰਚਲਤ ਹਨ ਜਿਨ੍ਹਾਂ ਦਾ ਸੰਖੇਪ ਬਿਊਰਾ ਹੇਠ ਲਿਖੇ ਅਨੁਸਾਰ ਹੈ :-

ਧਰਤੀ ਸੂਰਜ ਦੇ ਦੁਆਲੇ ਚੱਕਰ ਕੱਟਦੀ ਹੈ ਤੇ ਔਸਤਨ 365.24219 ਦਿਨ ਭਾਵ 365 ਦਿਨ 5 ਘੰਟੇ 48 ਮਿੰਟ 45.2 ਸੈਕੰਡ ਵਿਚ ਪੂਰਾ ਚੱਕਰ ਕਟਦੀ ਹੈ; ਜਿਸ ਨੂੰ ਮੌਸਮੀ ਸਾਲ ਕਹਿੰਦੇ ਹਨ।

ਬਿਕ੍ਰਮੀ ਕੈਲੰਡਰ : ਗੁਰੂ ਕਾਲ ਵੇਲੇ ਸੂਰਜੀ ਸਿਧਾਂਤ ਦਾ ਇਹ ਕੈਲੰਡਰ ਲਾਗੂ ਸੀ ਜਿਸ ਮੁਤਾਬਿਕ ਸਾਲ ਦੀ ਲੰਬਾਈ 365.258756481 ਦਿਨ ਭਾਵ 365 ਦਿਨ 6 ਘੰਟੇ 12 ਮਿੰਟ 36.56 ਸੈਕੰਡ ਹੈ। ਸੂਰਜੀ ਸਿਂਧਤ ਦਾ ਇਹ ਬਿਕ੍ਰਮੀ ਸਾਲ ਮੌਸਮੀ ਸਾਲ ਨਾਲੋਂ ਤਕਰੀਬਨ 24 ਮਿੰਟ ਵੱਡਾ ਹੋਣ ਕਰਕੇ 60-61 ਸਾਲਾਂ ਵਿਚ ਲਗਪਗ ਇੱਕ ਦਿਨ ਅੱਗੇ ਹੋ ਜਾਂਦਾ ਹੈ।



1964 ਵਿਚ ਉਤਰੀ ਭਾਰਤ ਦੇ ਪੰਡਿਤਾਂ ਨੇ ਅੰਮ੍ਰਿਤਸਰ ਵਿਚ ਮੀਟਿੰਗ ਕਰਕੇ ਇਸ ਵਿਚ ਸੋਧ ਕਰਕੇ ਸਾਲ ਦੀ ਲੰਬਾਈ ਘਟਾ ਕੇ 365.256363004 ਦਿਨ ਭਾਵ 365 ਦਿਨ 6 ਘੰਟੇ 9 ਮਿੰਟ 9.8 ਸੈਕੰਡ (ਲਗਪਗ) ਕਰ ਦਿੱਤੀ। ਹੁਣ ਇਹ ਮੌਸਮੀ ਸਾਲ ਤੋਂ ਲਗਪਗ 20 ਮਿੰਟ ਵੱਡਾ ਹੋਣ ਕਰਕੇ ਤਕਰੀਬਨ 70-71 ਸਾਲਾਂ ਵਿਚ ਇੱਕ ਦਿਨ ਅੱਗੇ ਹੋ ਜਾਂਦਾ ਹੈ। ਇਸ ਨੂੰ ਦ੍ਰਿਕਗਣਿਤ ਸਿਧਾਂਤ ਕਹਿੰਦੇ ਹਨ। ਦੱਖਣੀ ਭਾਰਤ ਦੇ ਪੰਡਿਤ ਵਿਦਵਾਨਾਂ ਨੇ ਇਸ ਸੋਧ ਨੂੰ ਨਹੀਂ ਮੰਨਿਆ ਇਸ ਲਈ ਦੱਖਣੀ ਭਾਰਤ ਵਿਚ ਸੂਰਜੀ ਸਿਧਾਂਤ ਅਤੇ ਉਤਰੀ ਭਾਰਤ ਵਿਚ ਦ੍ਰਿਕਗਣਿਤ ਸਿਧਾਂਤ ਵਾਲਾ ਬਿਕ੍ਰਮੀ ਕੈਲੰਡਰ ਲਾਗੂ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਵਿਚ ਜੋ ਸੋਧ ਕੀਤੀ ਗਈ ਹੈ ਉਹ 1964 ਵਿਚ ਸੋਧੇ ਹੋਏ ਦ੍ਰਿੱਕਗਣਿਤ ਸਿਧਾਂਤ ਵਾਲੇ ਬਿਕ੍ਰਮੀ ਕੈਲੰਡਰ ਅਨੁਸਾਰ ਕੀਤੀ ਗਈ ਹੈ।

ਚੰਦਰਮਾ ਧਰਤੀ ਦੁਆਲੇ ਇੱਕ ਚੱਕਰ ਲਗਪਗ 29.530587946 ਦਿਨ ਭਾਵ 29 ਦਿਨ 12 ਘੰਟੇ 44 ਮਿੰਟ 2.8 ਸੈਕੰਡ ਵਿਚ ਪੂਰਾ ਕਰਦਾ ਹੈ; ਜਿਸ ਨੂੰ ਇੱਕ ਚੰਦਰ ਮਹੀਨਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਚੰਦਰ ਸਾਲ ਦੀ ਲੰਬਾਈ 29.530587946 ਗੁਣਾ 12 = 354.367055352 ਦਿਨ ਭਾਵ 354 ਦਿਨ 8 ਘੰਟੇ 48 ਮਿੰਟ 33.58 ਸੈਕੰਡ (ਲਗਪਗ) ਬਣਦੀ ਹੈ। ਚੰਦਰ ਸਾਲ ਸੂਰਜੀ ਸਾਲ ਨਾਲੋਂ ਲਗਪਗ 11 ਦਿਨ ਛੋਟਾ ਹੋਣ ਕਰਕੇ ਇੱਕ ਸਾਲ ਵਿਚ 11 ਦਿਨ, ਦੋ ਸਾਲਾਂ ਵਿਚ 22 ਦਿਨ ਤੇ ਤਿੰਨ ਸਾਲਾਂ ਵਿਚ 33 ਦਿਨ ਪਿੱਛੇ ਰਹਿ ਜਾਂਦਾ ਹੈ। ਇਸ ਨੂੰ ਸੂਰਜੀ ਸਾਲ ਦੇ ਬਰਾਬਰ ਰੱਖਣ ਲਈ ਹਰ ਦੂਜੇ ਜਾਂ ਤੀਜੇ ਸਾਲ ਇੱਕ ਮਹੀਨਾ ਵਾਧੂ ਜੋੜ ਦਿੱਤਾ ਜਾਂਦਾ ਹੈ ਭਾਵ ਇੱਕੋ ਨਾਮ ਦੇ ਦੋ ਮਹੀਨੇ ਆ ਜਾਂਦੇ ਹਨ। 13 ਮਹੀਨੇ ਵਾਲੇ ਸਾਲ ਵਿਚ ਲਗਪਗ 383.897643298 ਦਿਨ ਭਾਵ 383 ਦਿਨ 21 ਘੰਟੇ 32 ਮਿੰਟ 36.38 ਸੈਕੰਡ ਹੋ ਜਾਂਦੇ ਹਨ। ਇਸ ਵਾਧੂ ਮਹੀਨੇ ਨੂੰ ਲੌਂਦ ਦਾ ਮਹੀਨਾ ਜਾਂ ਮਲਮਾਸ ਕਹਿੰਦੇ ਹਨ ਤੇ ਪੰਡਿਤ ਲੋਕ ਇਸ ਨੂੰ ਅਸ਼ੁਭ ਜਾਣ ਕੇ ਇਸ ਮਹੀਨੇ ਵਿਚ ਕੋਈ ਵੀ ਧਾਰਮਕ ਦਿਹਾੜਾ ਨਹੀਂ ਮਨਾਉਂਦੇ। ਇਸ ਕਾਰਨ ਲੌਂਦ ਦੇ ਮਹੀਨੇ ਪਿੱਛੋਂ ਆਉਣ ਵਾਲੇ ਸਾਰੇ ਇਤਿਹਾਸਕ ਦਿਹਾੜੇ ਤਕਰੀਬਨ 18-19 ਦਿਨ ਪਛੜ ਕੇ ਆਉਂਦੇ ਹਨ। ਇਸ ਤੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਬਿਕ੍ਰਮੀ ਕੈਲੰਡਰ ਦੇ ਮਾਹਰਾਂ ਅਨੁਸਾਰ ਕਦੇ ਸੂਰਜ ਕਿਸੇ ਇੱਕ ਮਹੀਨੇ ਵਿਚ ਦੋ ਵਾਰ ਰਾਸ਼ੀ ਤਬਦੀਲ ਕਰ ਲੈਂਦਾ ਹੈ। ਇਸ ਮਹੀਨੇ ਨੂੰ ਉਹ ਕਸ਼ਿਆ ਜਾਂ ਘਟਿਆ ਮਹੀਨਾ ਆਖਦੇ ਹਨ। ਇੱਥੇ ਚੰਦਰ ਸਾਲ ਦੇ ਬਾਰ੍ਹਾਂ ਦੀ ਥਾਂ ਗਿਆਰਾਂ ਮਹੀਨੇ ਰਹਿ ਜਾਂਦੇ ਹਨ। ਬੇਸ਼ੱਕ ਕਸ਼ਿਆ ਬਹੁਤ

ਹੀ ਘੱਟ ਵਾਪਰਦਾ ਹੈ ਪਰ ਵਾਪਰਦਾ ਤਾਂ ਹੈ। ਮੰਨ ਲਓ ਕਿਸੇ ਸਾਲ ਪੋਹ ਦਾ ਮਹੀਨਾ ਹੀ ਕਸ਼ਿਆ ਹੋਣ ਕਰਕੇ ਨਾ ਆਵੇ ਤਾਂ ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਕਦੋਂ ਮਨਾਈਏ? ਕਿੱਢੀ ਵੱਡੀ ਦੁਬਿੱਧਾ ਹੈ। ਇਹੋ ਕਾਰਨ ਹੈ ਕਿ ਚੰਦਰ ਸੂਰਜੀ ਸਾਲ ਦੇ ਇਸ ਮਿਲਗੋਭੇ ਬਿਕ੍ਰਮੀ ਕੈਲੰਡਰ ਅਨੁਸਾਰ ਗੁਰਪੁਰਬ ਕਦੀ ਵੀ ਨਿਸਚਤ ਤਰੀਕਾਂ ਨੂੰ ਨਹੀਂ ਆਉਂਦੇ ਤੇ ਹਮੇਸ਼ਾਂ ਭੰਬਲਭੂਸਾ ਬਣਿਆ ਰਹਿੰਦਾ ਹੈ; ਜਿਸ ਦੀ ਪ੍ਰਤੱਖ ਮਿਸਾਲ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਕਦੀ ਦਸੰਬਰ ਵਿਚ ਅਤੇ ਕਦੀ ਜਨਵਰੀ ਵਿਚ ਆ ਜਾਂਦਾ ਹੈ; ਕਿਸੇ ਸਾਲ ਵਿਚ ਜਨਵਰੀ ਤੇ ਫਿਰ ਦਸੰਬਰ ਮਹੀਨੇ ਵਿੱਚ, ਦੋ ਵਾਰੀ ਆ ਜਾਂਦਾ ਹੈ ਤੇ ਕਦੀ ਆਉਂਦਾ ਹੀ ਨਹੀਂ। ਇਸ ਮੁਸ਼ਕਲ ਨੂੰ ਹੱਲ ਕਰਨ ਲਈ ਹੀ ਪੰਥ ਨੇ ਬਹੁਤ ਲੰਬੀ ਸੋਚ ਵੀਚਾਰ ਪਿੱਛੋਂ ਸ: ਪਾਲ ਸਿੰਘ ਪੁਰੇਵਾਲ ਵੱਲੋਂ ਬਹੁਤ ਹੀ ਮਿਹਨਤ ਨਾਲ ਤਿਆਰ ਕੀਤਾ ਨਾਨਕਸ਼ਾਹੀ ਕੈਲੰਡਰ ਕੁਝ ਸੋਧਾਂ (ਡੇਰੇਦਾਰਾਂ ਨੂੰ ਖੁਸ਼ ਕਰਨ) ਉਪਰੰਤ 2003 ਵਿਚ ਲਾਗੂ ਕੀਤਾ ਗਿਆ ਸੀ।

**ਜੂਲੀਅਨ ਕੈਲੰਡਰ** : ਇਹ ਵੀ ਸੂਰਜੀ ਕੈਲੰਡਰ ਹੈ ਤੇ ਇਸ ਦੇ ਸਾਲ ਦੀ ਲੰਬਾਈ 365.25 ਦਿਨ ਭਾਵ 365 ਦਿਨ 6 ਘੰਟੇ ਹੈ। ਇਹ ਸਾਲ ਮੌਸਮੀ ਸਾਲ ਤੋਂ ਸਵਾ ਗਿਆਰਾਂ ਮਿੰਟ ਵੱਡਾ ਹੋਣ ਕਰਕੇ 128 ਸਾਲ ਪਿੱਛੋਂ ਇਕ ਦਿਨ ਅੱਗੇ ਹੋ ਜਾਂਦਾ ਸੀ। ਅਕਤੂਬਰ 1582 ਵਿਚ ਇਸ ’ਚ ਸੋਧ ਕੀਤੀ ਗਈ ਸੀ। ਇਸ ਸੋਧ ਕਾਰਨ 4 ਅਕਤੂਬਰ ਪਿਛੋਂ ਸਿੱਧਾ ਹੀ (10 ਦਿਨ ਵਧਾ ਕੇ) 15 ਅਕਤੂਬਰ ਕਰ ਦਿੱਤਾ ਗਿਆ ਸੀ। ਭਾਵ 10 ਦਿਨ ਖ਼ਤਮ ਕਰ ਦਿੱਤੇ ਗਏ ਸਨ। ਇੰਗਲੈਂਡ ਨੇ ਇਹ ਸੋਧ ਸਤੰਬਰ 1752 ਵਿਚ ਹੀ ਲਾਗੂ ਕੀਤੀ ਸੀ। ਉਦੋਂ 2 ਸਤੰਬਰ ਪਿਛੋਂ (11 ਦਿਨ ਵਧਾ ਕੇ) 14 ਸਤੰਬਰ ਕਰ ਦਿੱਤੀ ਗਈ ਸੀ ਭਾਵ 11 ਦਿਨ ਖ਼ਤਮ ਕਰ ਦਿੱਤੇ ਗਏ ਸਨ। ਹੁਣ ਇਸ ਨੂੰ **ਗਰੈਗੋਰੀਅਨ ਕੈਲੰਡਰ ਜਾਂ ਸੀ.ਈ. (ਕਾਮਨ ਏਰਾ) ਜਾਂ ਸਾਂਝਾ ਕੈਲੰਡਰ** ਕਹਿੰਦੇ ਹਨ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਭਾਵ 365 ਦਿਨ 5 ਘੰਟੇ 49 ਮਿੰਟ 12 ਸੈਕੰਡ (ਲਗਪਗ) ਹੈ ਤੇ ਅੱਜ ਕੱਲ ਦੁਨੀਆਂ ਦੇ ਹਰ ਹਿੱਸੇ ਵਿਚ ਪ੍ਰਚੱਲਤ ਹੈ।

2003 ਵਿਚ ਲਾਗੂ ਹੋਇਆ ਨਾਨਕਸ਼ਾਹੀ ਕੈਲੰਡਰ ਵੀ ਬਿਲਕੁਲ ਇਸ ਸਾਂਝੇ ਕੈਲੰਡਰ ਦੇ ਨਾਲ ਮਿਲਾ ਦਿੱਤਾ ਸੀ ਭਾਵ ਇਸ ਦੇ ਸਾਲ ਦੀ ਲੰਬਾਈ ਵੀ 365.2425 ਦਿਨ/365 ਦਿਨ 5 ਘੰਟੇ 49 ਮਿੰਟ 12 ਸੈਕੰਡ (ਲਗਪਗ) ਰੱਖੀ ਗਈ ਹੈ।

ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ ਜਿੱਥੇ ਦੁਨੀਆਂ ਭਰ ਵਿਚ



ਪ੍ਰਚੱਲਤ ਸਾਂਝੇ ਸਾਲ ਦੀ ਲੰਬਾਈ 365.2425 ਦਿਨ ਦੇ ਬਿਲਕੁਲ ਬਰਾਬਰ ਹੈ, ਜਿਸ ਕਾਰਨ ਇੱਕ ਵਾਰ ਨਿਸਚਤ ਕੀਤੀਆਂ ਤਾਰੀਖਾਂ ਰਹਿੰਦੀ ਦੁਨੀਆਂ ਤੱਕ ਹਮੇਸ਼ਾਂ ਹੀ ਪੱਕੀਆਂ ਉਨ੍ਹਾਂ ਹੀ ਤਾਰੀਖਾਂ ਨੂੰ ਆਉਂਦੀਆਂ ਰਹਿਣਗੀਆਂ; ਉਥੇ ਇਸ ਦੇ ਸਾਲ ਦੀ ਲੰਬਾਈ ਮੌਸਮੀ ਸਾਲ ਦੀ ਲੰਬਾਈ 365.24219 ਦੇ ਬਹੁਤ ਹੀ ਨੇੜੇ ਹੈ ਭਾਵ ਕੇਵਲ ਲਗਪਗ 26 ਸੈਕੰਡ ਵੱਧ ਹੋਣ ਕਰਕੇ ਮੌਸਮੀ ਸਾਲ ਤੋਂ ਇਹ ਲਗਪਗ 3300 ਸਾਲ ਪਿਛੋਂ ਸਿਰਫ਼ ਇਕ ਦਿਨ ਅੱਗੇ ਹੋਵੇਗਾ। ਜਦੋਂ ਕਿ ਇਤਨੇ ਹੀ ਸਮੇਂ ਵਿਚ ਸੂਰਜੀ ਸਿਧਾਂਤ ਵਾਲਾ ਬਿਕ੍ਰਮੀ ਕੈਲੰਡਰ ਲਗਪਗ 55 ਦਿਨ ਅਤੇ ਦ੍ਰਿਕ ਗਣਿਤ ਸਿਧਾਂਤ ਵਾਲਾ ਬਿਕ੍ਰਮੀ ਕੈਲੰਡਰ 45 ਦਿਨ ਤੱਕ ਅੱਗੇ ਹੋ ਜਾਵੇਗਾ। ਬਿਕ੍ਰਮੀ ਕੈਲੰਡਰ ਦੇ ਸਾਲ ਦੇ ਮਹੀਨੇ ਦਾ ਅਰੰਭ ਸੰਗਰਾਂਦ ਵਾਲੇ ਦਿਨ, ਭਾਵ ਉਸ ਦਿਨ ਹੁੰਦਾ ਹੈ ਜਦੋਂ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਸੂਰਜ ਦਾ ਰਾਸ਼ੀ ਪ੍ਰਵੇਸ਼ ਹਰ ਸਾਲ ਬਦਲਾ ਰਹਿੰਦਾ ਹੈ ਜਿਸ ਕਾਰਨ ਇਸ ਕੈਲੰਡਰ ਦੀਆ ਸੰਗਰਾਂਦਾਂ ਵੀ ਹਰ ਸਾਲ ਬਦਲਦੀਆਂ ਰਹਿੰਦੀਆਂ ਹਨ। ਨਾਨਕਸ਼ਾਹੀ ਕੈਲੰਡਰ ਦੇ ਮਹੀਨੇ ਦੇ ਅਰੰਭ ਦੀਆਂ ਤਾਰੀਖਾਂ ਸਦਾ ਵਾਸਤੇ ਹੀ ਪੱਕੀਆਂ ਹਨ ਜਿਨ੍ਹਾਂ ਦਾ ਸੂਰਜ ਦੇ ਰਾਸ਼ੀ ਪ੍ਰਵੇਸ਼ ਨਾਲ ਕੋਈ ਸਬੰਧ ਨਹੀਂ ਹੈ। ਜਿਵੇਂ ਕਿ :

| | | | | | |
|---|---|---|---|---|---|
| ਚੇਤ | = | 14 ਮਾਰਚ, | ਵੈਸਾਖ | = | 14 ਅਪ੍ਰੈਲ, |
| ਜੇਠ | = | 15 ਮਈ, | ਹਾੜ | = | 15 ਜੂਨ, |
| ਸਾਵਣ | = | 16 ਜੁਲਾਈ, | ਭਾਦੋਂ | = | 16 ਅਗਸਤ, |
| ਅੱਸੂ | = | 15 ਸਤੰਬਰ, | ਕੱਤਕ | = | 15 ਅਕਤੂਬਰ, |
| ਮੱਘਰ | = | 14 ਨਵੰਬਰ, | ਪੋਹ | = | 14 ਦਸੰਬਰ, |
| ਮਾਘ | = | 13 ਜਨਵਰੀ, | ਫੱਗਣ | = | 12 ਫਰਵਰੀ। |

ਨਾਨਕ ਸ਼ਾਹੀ ਕੈਲੰਡਰ ਦੇ ਦਿਨ ਦਾ ਅਰੰਭ ਰਾਤ 12 ਵਜੇ ਤੋਂ ਹੁੰਦਾ ਹੈ ਜਦੋਂ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਸੂਰਜ ਦੇ ਚੜ੍ਹਨ ਵੇਲੇ ਹੁੰਦਾ ਹੈ ਭਾਵ ਹਰ ਦਿਨ ਦਾ ਅਰੰਭ, ਹਰ ਰੋਜ ਵੱਖ-ਵੱਖ ਅਸਥਾਨਾਂ ਤੇ ਵੱਖ-ਵੱਖ ਸਮੇਂ ਹੁੰਦਾ ਹੈ।

ਨਾਨਕਸ਼ਾਹੀ ਕੈਲੰਡਰ, ਕਨੇਡਾ ਨਿਵਾਸੀ ਸਿੱਖ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਜੀ ਨੇ ਬਹੁਤ ਹੀ ਮਿਹਨਤ ਨਾਲ ਬਣਾਇਆ ਸੀ ਅਤੇ ਲਗਪਗ 10 ਸਾਲ ਦੀ ਸੋਚ ਵਿਚਾਰ ਤੋਂ ਪਿਛੋਂ ਸ਼੍ਰੋਮਣੀ ਕਮੇਟੀ ਨੇ 2003 ’ਚ ਇਹ ਕੈਲੰਡਰ ਲਾਗੂ ਕੀਤਾ ਸੀ। ਸਿਵਾਏ ਉਨ੍ਹਾਂ ਡੇਰੇਦਾਰਾਂ ਦੇ, ਜਿਨ੍ਹਾਂ

ਨੇ ਅੱਜ ਤੱਕ ਕਦੇ ਵੀ ਸਮੁੱਚੇ ਪੰਥ ਵੱਲੋਂ ਪ੍ਰਵਾਨਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਸਿੱਖ ਰਹਿਤ ਮਰਯਾਦਾ ਨਹੀਂ ਮੰਨੀ, ਬਾਕੀ ਦੇਸ਼-ਵਿਦੇਸ਼ ਦੀਆਂ ਸਮੂਹ ਸੰਗਤਾਂ ਨੇ ਇਸ ਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਿਆ ਸੀ। ਪਰ ਕਿਉਂਕਿ ਇਹ ਕੈਲੰਡਰ ਹਿੰਦੂ ਪੰਡਿਤਾਂ ਦੇ ਬਿਕ੍ਰਮੀ ਕੈਲੰਡਰ ਤੋਂ ਬਿਲਕੁਲ ਵੱਖਰਾ ਹੋਣ ਕਰਕੇ ਸਿੱਖ ਕੌਮ ਨੂੰ ਹਿੰਦੂ ਕੌਮ ਨਾਲੋਂ ਵੱਖਰੀ ਤੇ ਅਜ਼ਾਦ ਹਸਤੀ ਸਿੱਧ ਕਰਦਾ ਸੀ, ਇਸ ਲਈ ਇਹ ਕੈਲੰਡਰ ਆਰ.ਐੱਸ.ਐੱਸ. ਨੂੰ ਪਹਿਲੇ ਹੀ ਦਿਨ ਤੋਂ ਅੱਖ 'ਚ ਕਣ ਵਾਂਗ ਰੜਕ ਰਿਹਾ ਸੀ ਤੇ ਇਸ ਨੂੰ ਖ਼ਤਮ ਕਰਨ ਦੇ ਮਨਸੂਬੇ ਘੜੇ ਜਾ ਰਹੇ ਸਨ। ਅਖੀਰ ਆਪਣੇ ਏਜੰਟ ਸੰਤ ਸਮਾਜ ਤੇ ਆਰ.ਐੱਸ.ਐੱਸ. ਦੇ ਦਾਸਾਂ ਦੇ ਦਾਸ ਪ੍ਰਕਾਸ਼ ਸਿੰਘ ਬਾਦਲ ਦਾ ਗੱਠਜੋੜ ਕਰਵਾ ਕੇ ਇਸ ਨੂੰ ਖ਼ਤਮ ਕਰਨ ਦਾ ਮੁੱਢ ਬੰਨ੍ਹ ਦਿੱਤਾ। ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾਉਣ ਲਈ ਧੁੰਮਾ ਤੇ ਮੱਕੜ ਦੀ ਦੋ ਮੈਂਬਰੀ ਕਮੇਟੀ ਬਣਾ ਲਈ ਗਈ। ਇਨ੍ਹਾਂ ਵੀਚਾਰਿਆਂ ਨੂੰ ਕੈਲੰਡਰ ਵਿਗਿਆਨ ਦੀ ਤਾਂ ਕੋਈ ਸਮਝ ਹੀ ਨਹੀਂ ਸੀ ਤੇ ਨਾ ਹੀ ਇਹ ਸੋਝੀ ਹੈ ਕਿ ਵੱਖ ਵੱਖ ਕੈਲੰਡਰਾਂ ਦੇ ਸਾਲ ਦੀ ਲੰਬਾਈ ਵੱਖ ਵੱਖ ਕਿਉਂ ਹੋ ਜਾਂਦੀ ਹੈ! ਇਨ੍ਹਾਂ ਦੇ ਗਿਆਨ ਦਾ ਪੱਧਰ ਤਾਂ ਡਾਲੀ ਕਰਨ ਵਾਲੇ ਸੇਵਾਦਾਰਾਂ ਦੇ ਪੱਧਰ ਦਾ ਸੀ ਕਿਉਂਕਿ ਇਹ ਵੀਚਾਰੇ ਵੀ ਤਾਂ ਡੇਰਿਆਂ ਤੇ ਗੁਰਦੁਆਰਿਆਂ ਵਿਚ ਡਾਲੀ ਦੀ ਸੇਵਾ ਕਰਦੇ ਕਰਦੇ ਹੀ ਸੇਵਾ ਦਾ ਫ਼ਲ ਪ੍ਰਾਪਤ ਕਰਕੇ ਇਸ ਮੁਕਾਮ 'ਤੇ ਪਹੁੰਚੇ ਹਨ। ਇਸ ਲਈ ਬਹੁਤੀ ਮਗਜ਼ ਖਪਾਈ ਕਰਨ ਦੀ ਥਾਂ ਇਨ੍ਹਾਂ ਨੇ ਕੈਲੰਡਰ ਸੋਧਣ ਲਈ ਡਾਲੀ ਵਾਲੀ ਬਾਲਟੀ ਫੜ ਲਈ ਤੇ ਸਾਰੇ ਕੈਲੰਡਰਾਂ ਵਿੱਚੋਂ ਥੋਹੜਾ ਥੋਹੜਾ ਇਕੱਠਾ ਕਰਕੇ ਉਸ ਵਿਚ ਪਾਉਂਦੇ ਗਏ ਤੇ ਅਖੀਰ ਤਿਆਰ ਹੋ ਗਿਆ ਧੁਮੱਕੜਸ਼ਾਹੀ ਕੈਲੰਡਰ ਜਿਸ ਨੂੰ ਨਾਨਕਸ਼ਾਹੀ ਕੈਲੰਡਰ ਦੇ ਕਪੜੇ ਪਵਾ ਕੇ ਸਿੱਖ ਕੌਮ ਨਾਲ ਧੋਖਾ ਕਰਨ ਲਈ ਕਹਿਣ ਲੱਗ ਪਏ ਕਿ ਇਹ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਹੈ ਤੇ ਜਿਹੜਾ ਇਸ ਨੂੰ ਨਹੀਂ ਮੰਨੇਗਾ ਉਹ ਪੰਥ ਦੋਖੀ ਹੋਵੇਗਾ। ਹੁਣ ਦਾਲ ਵਿੱਚੋਂ ਕੁਝ ਦਾਣੇ ਪਰਖਣ ਵਾਂਗ ਕੁਝ ਉਦਾਹਰਣਾਂ ਲੈ ਕੇ ਵੇਖੋ ਇਸ ਸੋਧੇ ਹੋਏ ਕੈਲੰਡਰ ਦਾ ਹਾਲ :-

ਧੁਮੱਕੜਸ਼ਾਹੀ ਕੈਲੰਡਰ ਸੰਮਤ 545 (203-14) 'ਚ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਤਾਂ ਬਿਕ੍ਰਮੀ ਚੰਦਰ ਸਾਲ ਮੁਤਾਬਕ ਹੈ ਪਰ ਜੋਤੀ ਜੋਤ ਸਮਾਉਣ ਦਾ ਦਿਹਾੜਾ ਸੂਰਜੀ ਬਿਕ੍ਰਮੀ ਮੁਤਾਬਕ ਹੈ। ਇਤਿਹਾਸਿਕ ਤੌਰ 'ਤੇ ਜੋਤੀ ਜੋਤ ਸਮਾਉਣ ਦਾ ਦਿਹਾੜਾ ਅੱਸੂ ਵਦੀ 10, 8 ਅੱਸੂ ਸੰਮਤ 1596 ਮੁਤਾਬਕ 7 ਸਤੰਬਰ 1539 ਦਾ ਹੈ। ਨਾਨਕਸ਼ਾਹੀ



ਕੈਲੰਡਰ ਅਨੁਸਾਰ ਇਹ ਦਿਹਾੜਾ 8 ਅੱਸੂ ਹਮੇਸ਼ਾ ਲਈ 22 ਸਤੰਬਰ ਨੂੰ ਹੀ ਆਉਣਾ ਸੀ। ਪਰ ਇਨ੍ਹਾਂ (ਡਾਲੀਵਾਲੇ) ਵਿਦਵਾਨਾਂ ਨੇ 22 ਸਤੰਬਰ ਤਾਂ ਨਾਨਕਸ਼ਾਹੀ ਵਾਲੀ ਲੈ ਲਈ ਪਰ ਮਹੀਨੇ ਦਾ ਅਰੰਭ (ਸੰਗਰਾਂਦ) ਸੂਰਜੀ ਬਿਕ੍ਰਮੀ ਦ੍ਰਿਕਗਣਿਤ ਮੁਤਾਬਕ ਹੋਣ ਕਰਕੇ ਇਸ ਸਾਲ ਇਹ ਦਿਹਾੜਾ 22 ਸਤੰਬਰ 7 ਅੱਸੂ ਨੂੰ ਆਵੇਗਾ ਅਤੇ ਅਗਲੇ ਸਾਲ 22 ਸਤੰਬਰ 6 ਅੱਸੂ ਨੂੰ ਹੋਵੇਗਾ। ਇਸ ਤੋਂ ਪਹਿਲਾਂ 2012 ਵਿਚ 7 ਅੱਸੂ ਅਤੇ 2011 ਵਿਚ 6 ਅੱਸੂ ਸੀ। ਸੋ ਧੁਮੱਕੜਸ਼ਾਹੀ ਕੈਲੰਡਰ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੇ ਦਿਹਾੜੇ ਦੀ ਨਿਸਚਤ ਕੀਤੀ ਤਾਰੀਖ 22 ਸਤੰਬਰ ਇਤਿਹਾਸ ਵਿਚ ਦਰਜ ਕਿਸੇ ਵੀ ਕੈਲੰਡਰ ਮੁਤਾਬਕ ਸਹੀ ਨਹੀਂ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਜੋਤੀ ਜੋਤ ਦਿਹਾੜਾ ਚੰਦਰ ਬਿਕ੍ਰਮੀ ਕੈਲੰਡਰ ਮੁਤਾਬਕ ਅਤੇ ਗੁਰਗੱਦੀ ਗੁਰਪੁਰਬ ਦੀ ਤਾਰੀਖ ਨਾਨਕਸ਼ਾਹੀ ਕੈਲੰਡਰ ਮੁਤਾਬਕ 24 ਨਵੰਬਰ ਰੱਖੀ ਗਈ ਹੈ। ਇਤਿਹਾਸਕ ਤੌਰ 'ਤੇ ਗੁਰਗੱਦੀ ਪੁਰਬ ਮੱਘਰ ਸੁਦੀ 5, 11 ਮੱਘਰ ਸੰਮਤ 1732 ਬਿਕ੍ਰਮੀ, ਮੁਤਾਬਕ 11 ਨਵੰਬਰ 1675 ਹੈ। ਸੰਗਰਾਂਦ ਸੂਰਜੀ ਬਿਕ੍ਰਮੀ ਦ੍ਰਿਕਗਿਣਤ ਵਾਲੀ ਹੋਣ ਕਰਕੇ ਇਸ ਸਾਲ ਇਹ ਦਿਹਾੜਾ 24 ਨਵੰਬਰ 9 ਮੱਘਰ ਨੂੰ ਆਵੇਗਾ। ਇਸ ਤੋਂ ਪਹਿਲਾਂ 2012 ਵਿਚ 24 ਨਵੰਬਰ, 10 ਮੱਘਰ ਅਤੇ 2011 ਵਿਚ 9 ਮੱਘਰ ਸੀ। ਸੋ ਧੁਮੱਕੜਸ਼ਾਹੀ ਕੈਲੰਡਰ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਦਿਹਾੜੇ ਦੀ ਨਿਸਚਤ ਕੀਤੀ ਤਾਰੀਖ 24 ਨਵੰਬਰ ਇਤਿਹਾਸ ਵਿਚ ਦਰਜ ਕਿਸੇ ਵੀ ਕੈਲੰਡਰ ਮੁਤਾਬਕ ਸਹੀ ਨਹੀਂ ਹੈ।

ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਅਤੇ ਗੁਰਗੱਦੀ ਦਿਹਾੜੇ ਦੀ ਤਾਰੀਖ ਨਾਨਕ ਸ਼ਾਹੀ ਕੈਲੰਡਰ ਵਾਲੀ ਪਰ ਸ਼ਹੀਦੀ ਦਿਹਾੜਾ ਚੰਦਰ-ਸੂਰਜੀ ਬਿਕ੍ਰਮੀ ਮੁਤਾਬਕ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਮੁਤਾਬਕ; 2013 ਵਿਚ 12 ਜੂਨ ਨੂੰ ਆਇਆ, 2014 ਵਿਚ 1 ਜੂਨ, 2015 ਵਿਚ 22 ਮਈ, 2016 ਵਿਚ 8 ਜੂਨ ਅਤੇ 2017 ਵਿਚ 29 ਮਈ ਨੂੰ ਆਵੇਗਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਹਰ ਸਾਲ 11 ਜੂਨ ਨੂੰ ਆਵੇਗਾ। 2012 ਵਿਚ ਜੇਠ ਸੁਦੀ 4 ਮੁਤਾਬਕ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਤਾਂ 25 ਮਈ ਨੂੰ ਸੀ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ 11 ਜੂਨ ਨੂੰ ਮਨਾਇਆ ਗਿਆ ਸੀ ਤਾਂ ਸਵਾਲ ਪੈਦਾ ਹੋਇਆ ਸੀ ਕਿ ਗੁਰੂ ਅਰਜਨ ਦੇਵ ਜੀ 25

ਮਈ ਨੂੰ ਸ਼ਹੀਦ ਹੋ ਗਏ ਸਨ, ਫਿਰ 11 ਜੂਨ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਕਿਸ ਨੇ ਦਿੱਤੀ ਸੀ? ਅਤੇ 25 ਮਈ ਤੋਂ 11 ਜੂਨ ਦੇ ਦਰਮਿਆਨ 17 ਦਿਨ ਲਈ ਗੁਰਗੱਦੀ 'ਤੇ ਕੌਣ ਬਿਰਾਜਮਾਨ ਸੀ? ਇਸ ਸਵਾਲ ਦਾ ਜਵਾਬ ਅੱਜ ਤਾਈਂ ਨਹੀਂ ਆਇਆ। ਅਜੇਹੀ ਸਥਿਤੀ ਹੀ 2014, 15, 16 ਅਤੇ 17 ਵਿਚ ਵੀ ਹੋਵੇਗੀ। 6 ਜੂਨ 2013 ਨੂੰ ਟੀਵੀ84 ਚੈਨਲ 'ਤੇ ਫ਼ੋਨ ਰਾਹੀ ਇੰਟਰਵਿਊ ਦਿੰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਬਹੁਤ ਹੀ ਤਰਕ ਪੂਰਬਕ ਸਵਾਲ ਕੀਤਾ ਸੀ ਕਿ ਇਤਿਹਾਸ ਵਿਚ ਦਰਜ ਹੈ ਕਿ ਗੁਰੂ ਅਰਜੁਨ ਸਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ 5 ਦਿਨ ਸਖਤ ਤਸੀਹੇ ਦਿੱਤੇ ਗਏ ਸਨ ਅਤੇ ਸਿੱਖ ਇਤਿਹਾਸ ਤੇ ਗੁਰਬਾਣੀ ਅਨੁਸਾਰ ਹਰ ਗੁਰੂ ਸਾਹਿਬ ਆਪਣੇ ਜਾਨਸ਼ੀਨ ਨੂੰ ਜਿਉਂਦੇ ਜੀਅ ਆਪਣੇ ਹੱਥੀਂ ਗੁਰਿਆਈ ਦਿੰਦੇ ਰਹੇ ਸਨ : **'ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥ ਸਹਿ ਟਿਕਾ ਦਿਤੋਸੁ ਜੀਵਦੈ॥ ੧॥'** (**ਬਲਵੰਡ ਸਤਾ, ਪੰਨਾ ੯੬੬**) ਤਾਂ ਫਿਰ ਕੀ 11 ਜੂਨ ਨੂੰ ਜਹਾਂਗੀਰ ਨੇ ਗੁਰੂ ਅਰਜੁਨ ਸਾਹਿਬ ਜੀ ਨੂੰ ਛੱਡ ਦਿੱਤਾ ਸੀ ਕਿ ਜਾਉ ਗੁਰਗੱਦੀ ਦੇ ਆਓ! ਬਾਕੀ ਸਾਲਾਂ ਜਿਨ੍ਹਾਂ ਵਿਚ ਗੁਰੂ ਅਰਜੁਨ ਸਾਹਿਬ ਜੀ ਦੀ ਸ਼ਹੀਦੀ; ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੱਦੀ 'ਤੇ ਬਿਰਾਜਮਾਨ ਹੋਣ ਤੋਂ 1 ਤੋਂ 20 ਦਿਨ ਤੱਕ ਪਹਿਲਾਂ ਹੋ ਜਾਂਦੀ ਹੈ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੱਦੀ ਕਿਸ ਨੇ ਦਿੱਤੀ? ਉਨ੍ਹਾਂ ਕਾਫ਼ੀ ਤਰਕ ਸੰਗਤ ਦਾਅਵਾ ਕੀਤਾ ਹੈ ਕਿ ਸੋਧ ਦੇ ਨਾਮ 'ਤੇ ਸਿੱਖ ਇਤਿਹਾਸ ਵਿਗਾੜਿਆ ਜਾ ਰਿਹਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਾਰੇ ਦਿਹਾੜੇ ਇਕ ਕੈਲੰਡਰ ਮੁਤਾਬਕ ਕਿਉਂ ਨਹੀਂ ਮਨਾਏ ਜਾ ਸਕਦੇ? 8 ਫਰਵਰੀ 2013 ਨੂੰ ਜੋ ਵਿਗਾੜਿਆ ਹੋਇਆ ਕੈਲੰਡਰ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤਾ ਗਿਆ ਸੀ ਇਹ ਚੰਦਰ-ਸੂਰਜੀ ਬਿਕ੍ਰਮੀ, ਦ੍ਰਿਕ ਗਣਿਤ, ਨਾਨਕਸ਼ਾਹੀ ਅਤੇ ਸੀ.ਈ. ਕੈਲੰਡਰ ਦਾ ਮਿਲਗੋਭਾ ਹੈ। ਇਹ ਹੈ ਭਾਈ ਹਰਨਾਮ ਸਿੰਘ ਧੁੰਮਾ ਅਤੇ ਅਵਤਾਰ ਸਿੰਘ ਮੱਕੜ ਦੀ ਵਿਦਵਤਾ ਦਾ ਇਕ ਨਮੂਨਾ ਜਿਸ ਦਾ ਸਿੱਟਾ ਨਿਕਲਿਆ - ਧੁਮੱਕੜਸ਼ਾਹੀ ਕੈਲੰਡਰ। ਡਾਲੀ ਵਾਲੀ ਦਾਲ ਵੇਖ ਕੇ ਤਾਂ ਬੇਸ਼ੱਕ ਇਹ ਦੋਵੇਂ ਨੱਕ ਚੜ੍ਹਾਉਣ ਲੱਗ ਜਾਣ ਕਿਉਂਕਿ ਇਨ੍ਹਾਂ ਵਾਸਤੇ ਵਿਸ਼ੇਸ਼ ਤੌਰ 'ਤੇ ਸ਼ਾਹੀ ਪਨੀਰ ਤੇ ਹੋਰ ਕਈ ਤਰ੍ਹਾਂ ਦੇ ਪਕਵਾਨ ਗੁਰੂ ਕੇ ਲੰਗਰਾਂ ਵਿੱਚੋਂ ਵੱਖਰੇ ਤੌਰ 'ਤੇ ਬਣ ਕੇ ਆਉਣ ਲੱਗ ਪਏ ਹਨ ਪਰ ਪਤਾ ਨਹੀਂ ਇਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਦਾ ਹੁਲੀਆ ਡਾਲੀ ਵਾਲੀ ਦਾਲ ਵਰਗਾ ਕਿਉਂ ਬਣਾ ਦਿੱਤਾ ਹੈ?



ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਅਕਸਰ ਹੀ ਇਹ ਦਲੀਲ ਦਿੰਦੇ ਹਨ ਕਿ ਅਸੀਂ ਉਹ ਕੈਲੰਡਰ ਕਿਉਂ ਛੱਡੀਏ, ਜੋ ਗੁਰੂ ਕਾਲ 'ਚ ਲਾਗੂ ਸੀ। ਦੂਸਰੀ ਦਲੀਲ ਸੀ ਕਿ ਪੁਰੇਵਾਲ ਵਾਲੇ ਕੈਲੰਡਰ ਵਿਚ ਚਾਰ ਚਾਰ ਗੁਰਪੁਰਬ ਇੱਕੋ ਹੀ ਦਿਨ ਆ ਜਾਂਦੇ ਹਨ। ਪਰ ਇਨ੍ਹਾਂ ਦੇ (ਕੁ) ਸੋਧੇ ਕੈਲੰਡਰ ਵਿਚ ਉਹੀ ਚਾਰ ਚਾਰ ਗੁਰਪੁਰਬ ਇਕੱਠੇ ਆ ਰਹੇ ਹਨ। ਗੁਰੂ ਕਾਲ 'ਚ ਜਿਹੜਾ ਸੂਰਜੀ ਬਿਕ੍ਰਮੀ ਕੈਲੰਡਰ ਲਾਗੂ ਸੀ ਉਸ ਨੂੰ 'ਸੂਰਯ ਸਿਧਾਂਤ' ਮੁਤਾਬਕ ਬਣਾਇਆ ਜਾਂਦਾ ਸੀ ਜਿਸ ਦੇ ਸਾਲ ਦੀ ਲੰਬਾਈ 365.258756481 ਦਿਨ ਸੀ। 8 ਫਰਵਰੀ 2013 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਜੋ ਸੋਧਿਆ ਹੋਇਆ (ਅਸਲ 'ਚ ਵਿਗਾੜਿਆ ਹੋਇਆ) ਕੈਲੰਡਰ ਜਾਰੀ ਕੀਤਾ ਗਿਆ ਹੈ ਉਹ ਦ੍ਰਿਕਗਿਣਤ ਸਿਧਾਂਤ ਮੁਤਾਬਕ ਹੈ ਜਿਸ ਦੇ ਸਾਲ ਦੀ ਲੰਬਾਈ 365.256363004 ਦਿਨ ਹੈ। ਜੇ ਪੁਰਾਤਨ ਰਵਾਇਤ ਹੀ ਰੱਖਣੀ ਹੈ ਤਾਂ ਸੂਰਯ ਸਿਧਾਂਤ ਨੂੰ ਛੱਡ ਕੇ ਦ੍ਰਿਕਗਿਣਤ ਸਿਧਾਂਤ ਕਿਉਂ ਅਪਨਾਇਆ ਗਿਆ ਹੈ? ਜਿਸ ਵਿਚ ਤਬਦੀਲੀ ਸੰਨ 1964 ਵਿਚ ਕੀਤੀ ਗਈ ਸੀ। ਗੁਰੂ ਨਾਨਕ ਸਾਹਿਬ ਨੇ ਪੈਦਲ ਸਫਰ ਕਰਕੇ ਹੀ ਸਾਰੀ ਦੁਨੀਆਂ ਵਿਚ ਪ੍ਰਚਾਰ ਫੇਰੀਆਂ ਕੀਤੀਆਂ ਤੇ ਦਰਖਤਾਂ ਦੇ ਕੱਚੇ ਫਲ ਖਾ ਕੇ ਗੁਜਾਰਾ ਕਰਦੇ ਰਹੇ, ਜਿੱਥੇ ਰਾਤ ਪੈ ਜਾਂਦੀ ਉਥੇ ਹੀ ਰੋੜਾਂ ਵਾਲੀ ਧਰਤੀ 'ਤੇ ਲੇਟ ਕੇ ਰਾਤ ਲੰਘਾਉਂਦੇ ਰਹੇ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇੰਝ ਕੀਤਾ ਹੈ :

**'ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋ ਦੇ ਫਿਰਿ ਘਾਲਿ ਕਮਾਈ।**
**ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।**
**ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ।**
**ਬਾਬਾ ਪੈਧਾ ਸਚਖੰਡਿ, ਨਉ ਨਿਧਿ ਨਾਮੁ ਗਰੀਬੀ ਪਾਈ।**
**ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ।**
**ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ॥ ੨੪॥' (ਵਾਰ ੧ ਪਉੜੀ ੨੪)**

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਘੋੜਿਆਂ ਦੀ ਸਵਾਰੀ ਕਰਨੀ ਸ਼ੁਰੂ ਕੀਤੀ ਗਈ ਸੀ ਪਰ ਅੱਜ ਗੁਰੂ ਕੀ ਗੋਲਕ ਵਿੱਚੋਂ ਵਿਦੇਸ਼ੀ ਕੈਮਰੀ ਕਾਰਾਂ ਖ਼੍ਰੀਦ ਕੇ ਉਸ 'ਤੇ ਸਵਾਰੀ ਕਰਦੇ ਹਨ ਤੇ ਤਿੰਨ ਤਿੰਨ ਕਰੋੜ ਦਾ ਪੈਟਰੋਲ ਫੂਕ ਦਿੰਦੇ ਹਨ; ਉਸ ਸਮੇਂ ਇਨ੍ਹਾਂ ਨੂੰ ਕਿਉਂ ਨਹੀਂ ਯਾਦ ਆਉਂਦਾ ਕਿ ਗੁਰੂ ਨਾਨਕ ਸਾਹਿਬ ਜੀ ਵਾਂਗ ਪੈਦਲ ਚੱਲ ਕੇ ਜਾਂ ਘੋੜ ਸਵਾਰੀ ਰਾਹੀਂ ਪੈਂਡਾ ਤਹਿ ਕਰਕੇ ਹੀ ਪ੍ਰਚਾਰ

ਕੀਤਾ ਜਾਵੇ! ਗੁਰੂ ਨਾਨਕ ਸਾਹਿਬ ਜੀ (ਰੇਤ ਅੱਕ ਦਾ ਆਹਾਰ) ਭਾਵ ਜੰਗਲੀ ਤੇ ਮਾਰੂਥਲਾਂ ਦੇ ਰਸਤਿਆਂ ਵਿਚ ਜੋ ਸਾਧਾਰਣ ਭੋਜਨ ਮਿਲਦਾ ਰਿਹਾ ਉਹੀ ਖਾਂਦੇ ਰਹੇ। ਪਰ ਇਹ ਗੁਰੂ ਕੇ ਲੰਗਰ ਦੀ ਪੰਕਤ ਵਿਚ ਬੈਠ ਕੇ ਵੀ ਲੰਗਰ ਨਹੀਂ ਛਕ ਸਕਦੇ ਤੇ ਇਨ੍ਹਾਂ ਵਾਸਤੇ ਵਿਸ਼ੇਸ਼ ਤੌਰ 'ਤੇ ਵੱਖਰੇ ਸ਼ਾਹੀ ਪਕਵਾਨ ਬਣ ਕੇ ਆਉਂਦੇ ਹਨ। ਆਮ ਸੰਗਤ ਨਾਲੋਂ ਵੱਖਰੇ ਵੀ.ਆਈ.ਪੀ. ਲੰਗਰ ਚਲਾ ਕੇ ਗੁਰੂ ਸਾਹਿਬ ਜੀ ਵੱਲੋਂ ਚਲਾਏ ਲੰਗਰ ਦੀ ਭਾਵਨਾ ਹੀ ਖ਼ਤਮ ਕਰ ਰਹੇ ਹਨ। ਗੁਰੂ ਸਾਹਿਬ ਰੋੜਾਂ ਵਾਲੀ ਜ਼ਮੀਨ 'ਤੇ ਸੌਂ ਕੇ ਗੁਜ਼ਾਰਾ ਕਰਦੇ ਸਨ ਪਰ ਇਹ ਪੰਜ ਤਾਰਾ ਹੋਟਲਾਂ ਜਾਂ ਹੋਟਲਾਂ ਸਮਾਨ ਬਣਾਏ ਰੈਸਟ ਹਾਊਸਾਂ ਵਿਚ ਗੁਰਸ਼ਰਲੇ ਉਡਾਉਂਦੇ ਹਨ। ਕੀ ਇੱਕਲੇ ਸੁਦੀਆਂ ਵਦੀਆਂ ਵਾਲੇ ਉਸ ਦੋਸ਼ਪੂਰਨ ਕੈਲੰਡਰ ਨਾਲ ਜੁੜੇ ਰਹਿਣਾ ਹੀ ਪੁਰਾਤਨ ਵਿਰਸੇ ਨਾਲ ਜੁੜਨਾ ਹੈ? ਜਿਸ ਦੀਆਂ ਤਿਥਾਂ ਦੇ ਵਾਧੇ ਘਾਟੇ ਦੇ ਗੋਰਖਧੰਦੇ ਨੂੰ ਇਹ ਖ਼ੁਦ ਵੀ ਨਹੀਂ ਸਮਝ ਸਕਦੇ ਕਿ ਇੱਕ ਸਾਲ ਵਿਚ ਹੀ ਗੁਰਪੁਰਬਾਂ ਵਿਚ 18-19 ਦਿਨਾਂ ਦਾ ਅੰਤਰ ਕਿਵੇਂ ਪੈ ਜਾਂਦਾ ਹੈ, ਇੱਕ ਮਹੀਨੇ ਵਿਚ ਦੋ ਦੋ ਤਿਥਾਂ ਅਤੇ ਦੋ ਦੋ ਤਿਥਾਂ ਇਕ ਹੀ ਦਿਨ ਨੂੰ ਕਿਵੇਂ ਆ ਜਾਂਦੀਆਂ ਹਨ, ਇੱਕ ਸਾਲ ਵਿਚ 13 ਮਹੀਨੇ ਕਿਵੇਂ ਆ ਜਾਂਦੇ ਹਨ ਅਤੇ ਕਿਸੇ ਹੋਰ ਸਾਲ ਵਿਚ ਸਿਰਫ਼ 11 ਮਹੀਨੇ ਹੀ ਕਿਵੇਂ ਰਹਿ ਜਾਂਦੇ ਹਨ? ਜੇ ਇਹ ਸੋਝੀ ਹੁੰਦੀ ਤਾਂ ਇਹ ਕਦੀ ਵੀ ਸੋਧਾਂ ਦੇ ਨਾਮ 'ਤੇ ਨਾਨਕਸ਼ਾਹੀ ਕੈਲੰਡਰ ਦਾ ਹੁਲੀਆ ਨਾ ਵਿਗਾੜਦੇ!

ਹੈਰਾਨੀ ਹੁੰਦੀ ਹੈ ਕਿ ਨਾਨਕਸ਼ਾਹੀ ਕੈਲੰਡਰ ਦੀਆਂ ਵਿਰੋਧੀ ਧਿਰਾਂ ਗੁਰੂ ਕਾਲ 'ਚ ਪ੍ਰਚਲਤ ਕੈਲੰਡਰ ਵਿਚ, 1964 ਵਿਚ ਹਿੰਦੂ ਵਿਦਵਾਨਾਂ ਵੱਲੋਂ ਕੀਤੀ ਗਈ ਸੋਧ ਨੂੰ ਤਾਂ ਪ੍ਰਵਾਨ ਕਰਦੀਆਂ ਹਨ ਪਰ 2003 ਵਿਚ ਸਿੱਖ ਵਿਦਵਾਨਾਂ ਵੱਲੋਂ ਕੀਤੀ ਗਈ ਸੋਧ 'ਤੇ ਇਤਰਾਜ਼ ਕਰਦੀਆਂ ਹਨ। ਜੇ ਸੂਰਜੀ ਸਿਧਾਂਤ ਨੂੰ ਛੱਡ ਕੇ (ਸੰਨ 1964 ਵਾਲਾ) ਦ੍ਰਿਕ ਗਣਿਤ ਸਿਧਾਂਤ ਅਪਨਾਇਆ ਜਾ ਸਕਦਾ ਹੈ ਤਾਂ ਦ੍ਰਿਕ ਗਣਿਤ ਸਿਧਾਂਤ ਦੀ ਥਾਂ (ਸੰਨ 2003 ਵਾਲਾ) ਨਾਨਕਸ਼ਾਹੀ ਕੈਲੰਡਰ ਕਿਉਂ ਨਹੀ? ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੀ ਗੱਲ ਰੋਮ ਵਾਸੀਆਂ ਨੂੰ ਸੋਲਵੀਂ ਸਦੀ 'ਚ ਸਮਝ ਆ ਗਈ ਸੀ ਕਿ ਸਾਡੇ ਜੂਲੀਅਨ ਕੈਲੰਡਰ ਦੇ ਸਾਲ ਦੀ ਲੰਬਾਈ (365.25000 ਦਿਨ) ਮੌਸਮੀ ਸਾਲ ਦੀ ਲੰਬਾਈ (365.24219 ਦਿਨ) ਤੋਂ 0.00781 ਦਿਨ ਲਗਪਗ ਵੱਧ ਹੈ; ਇਹ ਗੱਲ ਸਿੱਖਾਂ ਨੂੰ ਇੱਕੀਵੀਂ ਸਦੀ ਵਿਚ ਵੀ ਸੋਝੀ ਨਹੀਂ ਆ ਰਹੀ ਕਿ ਉਨ੍ਹਾਂ ਦੇ ਸਾਲ ਦੀ ਲੰਬਾਈ 365.258756481



ਦਿਨ; ਮੌਸਮੀ ਸਾਲ ਦੀ ਲੰਬਾਈ 365.24219 ਤੋਂ 0.016540481 ਦਿਨ ਲਗਪਗ ਵੱਧ ਹੈ ਅਤੇ ਉਨ੍ਹਾਂ ਦਾ ਦੂਜਾ ਜਾਂ ਤੀਜਾ ਸਾਲ ਹੀ 18- 19 ਦਿਨ ਵੱਡਾ ਹੋ ਜਾਂਦਾ ਹੈ? ਕੀ ਐਸਾ ਕਰਕੇ ਇਹ ਸਿੱਖਾਂ ਦੀ ਅਵਿਗਿਆਨਕ ਬੁੱਧੀ ਦਾ ਸਾਰੀ ਦੁਨੀਆਂ ਵਿਚ ਜਲੂਸ ਨਹੀਂ ਕੱਢ ਰਹੇ?

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਨੰਦਗੜ੍ਹ ਵੱਲੋਂ ਪੁੱਛੇ ਗਏ ਕਿਸੇ ਵੀ ਸੁਆਲ ਦਾ ਜਵਾਬ ਦੇਣ ਤੋਂ ਅਸਮਰਥ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮੰਨਿਆ ਹੈ ਕਿ ਕੈਲੰਡਰ ਦੀਆਂ ਕੁਝ ਤਾਰੀਖਾਂ ਬਿਕ੍ਰਮੀ ਚੰਦਰ ਸਾਲ, ਕੁਝ ਬਿਕ੍ਰਮੀ ਸੂਰਜੀ ਸਾਲ ਤੇ ਕੁਝ ਨਾਨਕਸ਼ਾਹੀ ਕੈਲੰਡਰ ਦੀਆਂ ਲੈਣ ਕਰਕੇ ਇਹ ਗ਼ਲਤੀ ਹੋਈ ਹੈ। ਉਨ੍ਹਾਂ ਇਹ ਵੀ ਮੰਨਿਆ ਹੈ ਕਿ ਜੇ ਜਥੇਬੰਦੀਆਂ ਉਨ੍ਹਾਂ ਨੂੰ ਸੁਝਾਉ ਭੇਜਣ ਤਾਂ ਕੈਲੰਡਰ ਵਿਚ ਹੋਰ ਸੋਧ ਹੋ ਸਕਦੀ ਹੈ। ਇਸ ਲਈ ਗੁਰੂ ਦੀ ਮੱਤ ਅਨੁਸਾਰ ਚੱਲਣ ਦਾ ਦਾਅਵਾ ਕਰਨ ਵਾਲੀਆਂ ਸਮੂਹ ਜਥੇਬੰਦੀਆਂ ਅਤੇ ਸਿੱਖ ਵਿਦਵਾਨਾਂ ਨੂੰ ਇਸ ਗੱਲ 'ਤੇ ਜੋਰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਜਥੇਬੰਦੀਆਂ ਜਾਂ ਸੰਪ੍ਰਦਾਵਾਂ ਜਿਨ੍ਹਾਂ ਨੂੰ ਕੈਲੰਡਰ ਵਿਗਿਆਨ ਦੀ ਬਿਲਕੁਲ ਹੀ ਕੋਈ ਸੋਝੀ ਨਹੀਂ ਹੈ ਉਨ੍ਹਾਂ ਦੀ ਕਿਸੇ ਰਾਇ ਜਾਂ ਹੱਠ ਨੂੰ ਅਕਾਲ ਤਖ਼ਤ ਵੱਲੋਂ ਕੋਈ ਮਾਣਤਾ ਨਾ ਦਿੱਤੀ ਜਾਵੇ ਬਲਕਿ 2003 ਵਾਲਾ ਨਾਨਕਸ਼ਾਹੀ ਕੈਲੰਡਰ ਤੁਰੰਤ ਲਾਗੂ ਕੀਤਾ ਜਾਵੇ ਅਤੇ ਸ: ਪਾਲ ਸਿੰਘ ਪੁਰੇਵਾਲ ਤੇ ਉਨ੍ਹਾਂ ਦੇ ਪੱਧਰ ਦੇ ਹੋਰ ਵਿਦਵਾਨਾਂ ਦਾ ਇੱਕ ਪੈਨਲ ਬਣਾ ਕੇ ਉਸ ਵਿਚ ਤਿੰਨ ਦਿਹਾੜੇ - ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ, ਬੰਦੀਛੋੜ ਦਿਵਸ ਅਤੇ ਹੋਲਾ ਮੁਹੱਲਾ; ਜਿਹੜੇ ਉਸ ਸਮੇਂ ਡੇਰੇਦਾਰਾਂ ਤੇ ਸੰਪ੍ਰਦਾਵਾਂ ਦੇ ਦਬਾਅ ਕਾਰਨ ਚਲਦੀ ਪ੍ਰੰਪਰਾ ਮੁਤਾਬਕ ਬਿਕ੍ਰਮੀ ਚੰਦਰ ਸੂਰਜੀ ਸਾਲ ਅਨੁਸਾਰ ਹੀ ਰਹਿਣ ਦਿੱਤੇ ਗਏ ਸਨ; ਉਹ ਵੀ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਿਸਚਤ ਕੀਤੇ ਜਾਣ ਤਾਂ ਕਿ ਇਹ ਵੀ ਬਾਕੀ ਦਿਹਾੜਿਆਂ ਵਾਂਗ ਸਦਾ ਲਈ ਨਿਸਚਤ ਤਾਰੀਖਾਂ ਅਨੁਸਾਰ ਆਉਣ ਲੱਗ ਪੈਣ ਤੇ ਸਿੱਖ ਪੰਥ ਦਾ ਹਮੇਸ਼ਾਂ ਲਈ ਪੰਡਿਤਾਂ ਦੇ ਗੋਰਖ ਧੰਦੇ ਵਾਲੀਆਂ ਜੰਤਰੀਆਂ ਤੋਂ ਹਮੇਸ਼ਾਂ ਲਈ ਖਹਿੜਾ ਛੁੱਟ ਜਾਵੇ।

* * * * *

# ਨਾਨਕਸ਼ਾਹੀ ਕੈਲੰਡਰ ਦੇ ਵਿਰੋਧ ਦਾ ਮੁੱਖ ਕਾਰਨ : ‘ਕੂੜੇ ਮੂਰਖ ਕੀ ਹਾਠੀਸਾ’

**—ਕਿਰਪਾਲ ਸਿੰਘ ਬਠਿੰਡਾ**

ਇੱਕੋ ਧਰਮ ਨੂੰ ਮੰਨਣ ਵਾਲੀਆਂ ਵੱਖ ਵੱਖ ਸੰਪ੍ਰਦਾਵਾਂ ਅਤੇ ਜਥੇਬੰਦੀਆਂ ਵਿਚ ਸਿਧਾਂਤਕ ਤੌਰ ’ਤੇ ਮੱਤਭੇਦ ਹੋਣੇ ਅਤੇ ਇਨ੍ਹਾਂ ਮੱਤਭੇਦਾਂ ਕਰਕੇ ਵਿਵਾਦ ਅਤੇ ਝਗੜੇ ਵਧਣ ਦਾ ਮੁੱਖ ਕਾਰਨ ਉਹ ਲੋਕ ਹਨ ਜੋ ਆਪਣੇ ਧਰਮ ਅਤੇ ਧਾਰਮਿਕ ਗੁਰੂ ਦੇ ਗਿਆਨ ਤੋਂ ਤਾਂ ਸੱਖਣੇ ਹਨ ਪਰ ਪੁਰਾਤਨਤਾ ਦੇ ਨਾਮ ਹੇਠ ਅੰਧਵਿਸ਼ਵਾਸ਼ਾਂ ਨਾਲ ਜੁੜੇ ਹੋਏ ਹੋਣ ਕਰਕੇ ਆਪਣੀ ਸੰਪ੍ਰਦਾ ਅਤੇ ਜਥੇਬੰਦੀ ਦੇ ਮੁਖੀ ਨੂੰ ਹੀ ਸਰਬੋਤਮ ਸਮਝਦੇ ਤੇ ਪ੍ਰਚਾਰਦੇ ਹਨ। ਜੇ ਕੋਈ ਮਨੁੱਖ ਉਨ੍ਹਾਂ ਵੱਲੋਂ ਪ੍ਰਚਾਰੇ ਜਾ ਰਹੇ ਅੰਧਵਿਸ਼ਵਾਸ਼ਾਂ ਦਾ ਗੁਰੂ ਦੇ ਗਿਆਨ ਰਾਹੀਂ ਖੰਡਨ ਕਰਨ ਦਾ ਹੌਸਲਾ ਕਰ ਬੈਠੇ ਤਾਂ ਉਸ ਨੂੰ ਨਾਮ ਰਸ ਅਤੇ ਅਨੁਭਵ ਤੋਂ ਹੀਣਾ, ਅਗਿਆਨੀ, ਕਾਮਰੇਡ ਕਿਸਮ ਦੇ ਅਨਪੜ੍ਹ ਅਖੌਤੀ ਮਿਸ਼ਨਰੀ ਆਦਿਕ ਵਿਸ਼ੇਸ਼ਣਾਂ ਨਾਲ ਭੰਡਣਾ ਸ਼ੁਰੂ ਕਰ ਦਿੰਦੇ ਹਨ। ਬੱਸ ਸਾਰੇ ਝਗੜਿਆਂ ਦੀ ਜੜ੍ਹ ਹੈ : ‘ਗਿਆਨ ਹੀਣ ਮਨੁੱਖ ਵੱਲੋਂ ਆਪਣੇ ਆਪ ਨੂੰ ਅਨੁਭਵੀ ਤੇ ਸਭ ਤੋਂ ਸਿਆਣਾ ਸਮਝ ਕੇ ਆਪਣੀ ਵਿਰੋਧੀ ਵਿਚਾਰਧਾਰਾ ਰੱਖਣ ਵਾਲੇ ਸਾਰਿਆਂ ਨੂੰ ਹੀ ਅਗਿਆਨੀ ਸਮਝ ਲੈਣਾ।’

ਆਪਣੇ ਆਪ ਨੂੰ ਸਭ ਤੋਂ ਵੱਧ ਗਿਆਨਵਾਨ ਸਮਝਣ ਵਾਲਿਆਂ ’ਚੋਂ ਇੱਕ ਉਦਾਹਰਣ ਹੈ ਬਿਬੇਕ ਪ੍ਰਕਾਸ਼ਨ ਦੇ ਸਃ ਤਰਦੀਪ ਸਿੰਘ ਅਤੇ ਕਸ਼ਮੀਰ ਸਿੰਘ ਦੀ, ਜਿਨ੍ਹਾਂ ਨੇ ਸਃ ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਅਤੇ ਬਿਕ੍ਰਮੀ ਕੈਲੰਡਰ ਨੂੰ ਸਭ ਤੋਂ ਸ੍ਰੇਸ਼ਟ ਕੈਲੰਡਰ ਸਿੱਧ ਕਰਨ ਲਈ ਬੀਬੀ ਅਮਰਜੀਤ ਕੌਰ (ਐੱਮ.ਏ., ਬੀ.ਐੱਡ) ਬੈਲਜ਼ੀਅਮ ਦਾ ਲਿਖਿਆ ਇੱਕ ਲੇਖ ‘ਸਿੱਖ ਇਤਿਹਾਸ ਨੂੰ ਵਿਗਾੜਨ ਦੀ ਸਾਜਿਸ਼ – ਨਾਨਕਸ਼ਾਹੀ ਕੈਲੰਡਰ’ ਸਿਰਲੇਖ ਹੇਠ ਇੱਕ ਕਿਤਾਬਚਾ ਛਾਪਿਆ ਹੈ। ਇਸ ਕਿਤਾਬਚੇ ਦੇ ਮੁੱਖ ਬੰਦ ਵਿਚ ਬੀਬੀ ਅਮਰਜੀਤ ਕੌਰ ਜੀ ਲਿਖ ਰਹੀ ਹੈ : ‘ਸੂਰਜ ਇੱਥੋਂ ਦੇ ਜੀਵਨ ਨੂੰ ਮੁੱਖ ਰੂਪ ਵਿਚ ਪ੍ਰਭਾਵਤ ਕਰ ਰਿਹਾ ਹੈ। ਜ਼ਰਾ ਅੰਦਾਜ਼ਾ ਲਾਓ, ਜੇ ਕਰ ਅੱਜ ਸੂਰਜ ਨਿਕਲਣਾ ਬੰਦ ਹੋ ਜਾਏ ਤਾਂ ਕੀ ਬਣੇ ਇੱਥੋਂ ਦੇ ਜਨ ਜੀਵਨ ਦਾ! ਸਰਦੀਆਂ ਵਿਚ ਸੂਰਜ ਸਿਰਫ਼ ਦੂਰ ਚਲਾ ਜਾਂਦਾ ਹੈ ਤਾਂ ਐਨੀ ਠੰਡ ਵਧ ਜਾਂਦੀ ਹੈ। ਜੇ ਕਰ ਸੂਰਜ ਬਿਲਕੁਲ ਹੀ ਨਾ ਹੋਵੇ ਤਾਂ ਕੀ ਬਣੇ! ਫਿਰ ਤਾਂ ਅਰਬਦ ਨਰਬਦ ਧੁੰਦੂਕਾਰਾ ਹੀ ਹੋਵੇ। ਚਾਰੇ ਪਾਸੇ ਸੰਘਣੀ ਧੁੰਦ ਨਾਲ ਹਨੇਰਾ ਹੀ ਹਨੇਰਾ। ਨਾ ਕੋਈ



ਚੰਦਰਮਾ ਅਤੇ ਨਾ ਹੀ ਕੋਈ ਤਾਰਾ। ਕਿਉਂਕਿ ਇਨ੍ਹਾਂ ਸਾਰਿਆਂ ਦੀ ਦਿੱਖ ਵੀ ਤਾਂ ਸੂਰਜ ਦੇ ਕਾਰਨ ਹੀ ਹੈ।’

ਹੁਣ ਇਹ ਕਿਤਾਬਚਾ ਛਾਪਣ ਵਾਲੇ ਅਤੇ ਉਸ ਦੀ ਲੇਖਿਕਾ ਬੀਬੀ ਦੇ ਗਿਆਨ ਦਾ ਪੱਧਰ ਕਿੰਨਾ ਕੁ ਹੋ ਸਕਦਾ ਹੈ; ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਤਾਰਿਆਂ ਦੀ ਦਿੱਖ ਸੂਰਜ ਕਾਰਨ ਨਹੀਂ ਸਗੋਂ ਉਨ੍ਹਾਂ ਦੀ ਆਪਣੀ ਰੌਸ਼ਨੀ ਹੁੰਦੀ ਹੈ ਤੇ ਉਹ ਸਿਰਫ਼ ਸੂਰਜ ਦੀ ਅਣਹੋਂਦ ਵਿਚ ਹੀ ਦਿੱਸਦੇ ਹਨ। ਸੂਰਜ ਚੜ੍ਹਦੇ ਸਾਰ ਹੀ ਤਾਰੇ ਅਲੋਪ ਹੋ ਜਾਂਦੇ ਹਨ ਤੇ ਸੂਰਜ ਛਿਪਦੇ ਸਾਰ ਫਿਰ ਵਿਖਾਈ ਦੇਣੇ ਸ਼ੁਰੂ ਹੋ ਜਾਂਦੇ ਹਨ। ਇਹ ਸਚਾਈ ਅਸੀਂ ਰੋਜਮਰਾ ਦੀ ਜ਼ਿੰਦਗੀ ਵਿਚ ਹਰ ਰੋਜ਼ ਵੇਖਦੇ ਹਾਂ ਤੇ ਭਾਈ ਗੁਰਦਾਸ ਜੀ ਨੇ ਵੀ ਵਾਰ ੧ ਪਉੜੀ ੨੭ ਵਿਚ ਇਸ ਤੱਥ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ : **‘ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪੇ, ਅੰਧੇਰੁ ਪਲੋਆ।’**

ਅੱਗੇ ਜਾ ਕੇ ਬੀਬੀ ਜੀ ਲਿਖਦੀ ਹੈ : ‘ਸੋ ਸੂਰਜ ਬਿਨਾਂ ਸ਼ੱਕ ਜ਼ਿੰਦਗੀ ਦਾਤਾ ਹੈ। ਇਸੇ ਲਈ ਉਹ ਸਾਰੇ ਸ੍ਰੋਤ ਜੋ ਜ਼ਿੰਦਗੀ ਪ੍ਰਦਾਨ ਕਰਦੇ ਹਨ, ਪੂਜਨਯੋਗ ਹੁੰਦੇ ਹਨ। ਇਹੋ ਹੀ ਕਾਰਨ ਹੈ ਕਿ ਸਦੀਆਂ ਤੋਂ ਇਨਸਾਨ ਸੂਰਜ, ਹਵਾ, ਪਾਣੀ, ਧਰਤੀ ਆਦਿ ਦੀ ਪੂਜਾ ਦੇਵਤੇ ਦੇ ਰੂਪ ਵਿਚ ਕਰਦਾ ਆ ਰਿਹਾ ਹੈ।’ ਬੀਬੀ ਜੀ ਦੇ ਇਸ ਕਥਨ ਨੂੰ ਤਰਦੀਪ ਸਿੰਘ, ਕਸ਼ਮੀਰ ਸਿੰਘ ਵਰਗਾ ਮਨੁੱਖ ਬੇਸ਼ਕ ਨਾ ਕੱਟ ਸਕੇ ਪਰ ਗੁਰਬਾਣੀ ਅਨੁਸਾਰ ਤਾਂ ਕਰਤਾਰ ਨੇ ਪਹਿਲਾਂ ਜੀਵ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਹ ਸਭ ਚੀਜ਼ਾਂ ਬਣਾਈਆਂ ਅਤੇ ਫਿਰ ਕਈ ਨਸਲਾਂ ਤੇ ਰੰਗਾਂ ਦੇ ਜੀਵ ਪੈਦਾ ਕੀਤੇ : **‘ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ॥ ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥ ੫ ॥’** (ਮਃ ੫, ਪੰਨਾ ੧੩੦)

ਕਰਤਾਰ ਦੇ ਬਣਾਏ ਅਟੱਲ ਨਿਯਮਾਂ ਅਨੁਸਾਰ ਇਹ ਸਭ ਆਪਣੀ ਕਾਰ ਨਿਭਾ ਰਹੇ ਹਨ ਪਰ ਇਨ੍ਹਾਂ ਦੇ ਆਪਣੇ ਹੱਥ ਵਿਚ ਕੁਝ ਵੀ ਨਹੀਂ ਹੈ :

**‘ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥’** (ਜਪੁ, ਪੰਨਾ ੭)

**‘ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥ ੪ ॥’** (ਮਃ ੧, ਪੰਨਾ ੫੦੪)

**‘ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ**

**ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ ੧ ॥'** (ਮ: ੧, ਪੰਨਾ ੧੨੭੯)

ਅਕਾਲ ਪੁਰਖ਼ ਦੀ ਸਾਜੀ ਸ੍ਰਿਸ਼ਟੀ ਦੀਆਂ ਹੋਰ ਬਿਨਸਣਹਾਰ ਵਸਤੂਆਂ ਅਤੇ ਜੀਵ ਜੰਤੂਆਂ ਵਾਂਗ ਧਰਤੀ, ਅਕਾਸ਼, ਪਤਾਲ, ਚੰਦ, ਸੂਰਜ ਆਦਿਕ ਸਾਰੇ ਹੀ ਬਿਨਸਣਹਾਰ ਹਨ :

**'ਪਉੜੀ ॥ ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥ ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥ ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥ ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥ ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥ ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥ ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥ ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥ ੧੭ ॥' (ਵਾਰ ੨, ਮ: ੫, ਪੰਨਾ ੧੧੦੦)**

ਗੁਰੂ ਸਾਹਿਬ ਜੀ ਨੇ ਕਰਤੇ ਦੀ ਥਾਂ ਕਰਤਾਰ ਦੀਆਂ ਬਣਾਈਆਂ ਇਨ੍ਹਾਂ ਬਿਨਸਣਹਾਰ ਵਸਤੂਆਂ ਦੀ ਪੂਜਾ ਜਾਂ ਸਿਫਤ ਸਾਲਾਹ ਕਰਨ ਦੀ ਸਖਤ ਮਨਾਹੀ ਕੀਤੀ ਹੈ :

**'ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥ ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥ ੬ ॥'** (ਮ: ੩, ਪੰਨਾ ੧੦੮੮)

ਅੰਧ ਵਿਸ਼ਵਾਸ਼ਾਂ 'ਚ ਜਕੜਿਆ ਜੋ ਵਿਅਕਤੀ ਅਕਾਲ ਪੁਰਖ਼ ਅਤੇ ਗੁਰੂ ਦੇ ਇਸ ਹੁਕਮ ਨੂੰ ਨਹੀਂ ਸਮਝਦਾ ਉਸ ਨੂੰ ਗੁਰੂ ਸਾਹਿਬ ਜੀ ਨੇ ਕੱਚਾ ਕਿਹਾ ਹੈ :

**'ਪਉੜੀ ॥ ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥ ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥'** (ਮ: ੩, ਪੰਨਾ ੧੦੯੪)

ਬੀਬੀ ਅਮਰਜੀਤ ਕੌਰ ਦੇ ਉਕਤ ਕਥਨਾਂ ਬਾਰੇ ਮੈਂ ਖ਼ੁਦ ਕੁਝ ਕਹਿਣ ਦੀ ਬਜਾਏ ਇਹ ਗੱਲ ਪਾਠਕਾਂ 'ਤੇ ਛੱਡਣਾ ਚਾਹੁੰਦਾ ਹਾਂ ਕਿ ਗਰੁਬਾਣੀ ਦੇ ਉਪਰ ਦਿੱਤੇ ਗਏ ਪ੍ਰਮਾਣਾਂ ਦੀ ਰੌਸ਼ਨੀ ਵਿਚ ਉਹ ਖ਼ੁਦ ਫੈਸਲਾ ਕਰਨ ਕਿ ਬੀਬੀ ਜੀ ਦੇ ਕਥਨ ਕਿੰਨੇ ਕੁ ਸਾਰਥਕ ਹਨ।

ਇਸ ਤੋਂ ਅੱਗੇ ਪੰਨਾ 10 'ਤੇ **'ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥'** ਸਿਰਲੇਖ ਹੇਠ ਲਿਖੇ ਲੇਖ ਵਿਚ ਬਿਕ੍ਰਮੀ ਚੰਦਰ ਕੈਲੰਡਰ ਦੀ ਵਕਾਲਤ ਕਰਦੀ ਹੋਈ ਬੀਬੀ ਜੀ ਲਿਖ ਰਹੀ ਹੈ : 'ਅਸਲ ਵਿਚ ਪੁੰਨਿਆ ਅਤੇ ਮੱਸਿਆ ਨੂੰ ਮੁੱਖ ਰੱਖਕੇ ਫਸਲ ਬੀਜੀ ਜਾਂਦੀ ਹੈ। ਕਿਉਂਕਿ ਹਨੇਰ ਪੱਖ ਵਿਚ ਧਰਤੀ ਦੇ ਹੇਠਲੇ ਤਲ 'ਤੇ ਕਿਰਿਆ ਜ਼ਿਆਦਾ ਹੋਣ ਕਰਕੇ ਚਾਨਣ ਪੱਖ ਆਉਣ ਤੱਕ ਬੀਜ ਪੁੰਗਾਰ ਤੱਕ ਪੁੱਜ ਜਾਂਦਾ ਹੈ। ਨਵੇਂ ਫੁੱਟੇ ਪੁੰਗਾਰ ਨੂੰ ਦਿਨ ਵੇਲੇ ਸੂਰਜ ਤੋਂ ਅਤੇ ਰਾਤ ਸਮੇਂ ਚੰਦਰਮਾ ਤੋਂ ਪੂਰਾ ਚਾਨਣ ਮਿਲ ਜਾਂਦਾ ਹੈ ਅਤੇ ਬੂਟੇ ਨਵੇਂ ਨਰੋਏ



ਅਤੇ ਅਰੋਗ ਬਣ ਜਾਂਦੇ ਹਨ, ਜੋ ਕਿ ਵੱਧ ਝਾੜ ਪੈਦਾ ਕਰਦੇ ਹਨ। ਇਸ ਦੇ ਉਲਟ ਗ਼ਲਤ ਸਮੇਂ ਬੀਜੀ ਫਸਲ ਕਮਜ਼ੋਰ ਹੋਣ ਕਰਕੇ ਬੀਮਾਰੀ ਦਾ ਸ਼ਿਕਾਰ ਜਲਦੀ ਹੋ ਜਾਂਦੀ ਹੈ, ਫਲਸਰੂਪ ਪੈਦਾਵਾਰ ਘੱਟ ਹੁੰਦੀ ਹੈ।' ਬੀਬੀ ਜੀ ਨੇ ਆਪਣੇ ਇਸ ਕਥਨ ਦੀ ਪ੍ਰੋੜ੍ਹਤਾ ਲਈ ਗੁਰਬਾਣੀ ਦਾ ਕੋਈ ਪ੍ਰਮਾਣ ਨਹੀਂ ਦਿੱਤਾ। ਇਸ ਨੂੰ ਹੂਬਹੂ ਮੰਨ ਲੈਣ ਜਾਂ ਇਸ ਦੀ ਕਾਟ ਕਰਨ ਲਈ ਮੈਨੂੰ ਵੀ ਗੁਰਬਾਣੀ 'ਚੋਂ ਕੋਈ ਪ੍ਰਮਾਣ ਨਹੀਂ ਲੱਭਾ ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਗਿਆਨ ਅਧਾਰ 'ਤੇ ਛਾਪੀਆਂ ਜਾਂਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਕਿਤਾਬਾਂ ਵਿਚ ਫਸਲ ਬੀਜਣ ਸਮੇਂ ਹਨੇਰੇ ਜਾਂ ਚਾਨਣੇ ਪੱਖ ਦਾ ਕਦੀ ਕੋਈ ਜ਼ਿਕਰ ਨਹੀਂ ਹੈ। ਫਸਲ ਦੀ ਬੀਜਾਈ, ਨਵੀਂ ਨਰੋਈ ਤੇ ਅਰੋਗ ਹੋਣ ਜਾਂ ਵੱਧ ਝਾੜ ਪੈਦਾ ਕਰਨ ਲਈ ਢੁੱਕਵਾਂ ਤਾਪਮਾਨ, ਨਮੀ, ਖ਼ੁਰਾਕ, ਮੌਸਮ ਅਤੇ ਵਾਤਾਵਰਣ ਹੀ ਮਹੱਤਵਪੂਰਨ ਹਨ।

ਇਸ ਤੋਂ ਅੱਗੇ ਪੰਨਾ ਨੰ : 11 'ਤੇ ਬ੍ਰਾਹਮਣਾਂ ਵੱਲੋਂ ਪੈਦਾ ਕੀਤੇ ਭ੍ਰਮਜਾਲ ਦੀ ਸੰਖੇਪ ਜਾਣਕਾਰੀ ਦੇਣ ਪਿੱਛੋਂ ਬੀਬੀ ਅਮਰਜੀਤ ਕੌਰ ਨੇ ਲਿਖਿਆ ਹੈ : 'ਇਹੋ ਜਿਹਾ ਹੀ ਭ੍ਰਮਜਾਲ ਪਾਲ ਸਿੰਘ ਪੁਰੇਵਾਲ ਨੇ ਪੈਦਾ ਕੀਤਾ ਹੈ, ਜਿਸ ਨੇ ਭੋਲ਼ੀ ਭਾਲ਼ੀ ਸਿੱਖ ਕੌਮ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਉਸ ਦਾ ਦਾਅਵਾ ਹੈ ਕਿ ਮੇਰੇ ਕੋਲ ਕੈਲੰਡਰ ਦੀ ਉੱਚ ਵਿਦਿਆ ਹੈ। ਬਜਾਏ ਇਸ ਦੇ ਕਿ ਲੋਕਾਂ ਨੂੰ ਦੱਸਿਆ ਜਾਂਦਾ ਕਿ ਕੈਲੰਡਰ ਸਮੇਂ ਨੂੰ ਮਾਪਣ ਦੀ ਇੱਕ ਇਕਾਈ ਹੁੰਦੀ ਹੈ ਉਸ ਨੇ ਹਊਆ ਖੜ੍ਹਾ ਕਰ ਦਿੱਤਾ ਕਿ ਬਿਕ੍ਰਮੀ ਕੈਲੰਡਰ ਸਿੱਖਾਂ ਨੂੰ ਹਿੰਦੂ ਬਣਾਉਂਦਾ ਹੈ ਅਤੇ ਬ੍ਰਾਹਮਣ ਜਾਂ ਪੰਡਤਾਂ ਦੇ ਭ੍ਰਮਜਾਲ ਵਿਚ ਫਸਾਉਂਦਾ ਹੈ। ਇਸ ਵਿਚ ਹਿੰਦੂਆਂ ਦੀਆਂ ਬਣਾਈਆਂ ਹੋਈਆਂ ਪੁੰਨਿਆਂ, ਮੱਸਿਆ ਜਾਂ ਸੰਗ੍ਰਾਂਦਾਂ ਆਉਂਦੀਆਂ ਹਨ। ਨਾਨਕਸ਼ਾਹੀ ਕੈਲੰਡਰ ਬਣਾਉਣਾ ਚਾਹੀਦਾ ਹੈ, ਜਿਸ ਵਿਚ ਹਿੰਦੂਆਂ ਦੁਆਰਾ ਨਿਸਚਿਤ ਕੀਤੀਆਂ ਹੋਈਆਂ ਸੰਗ੍ਰਾਂਦਾਂ, ਪੁੰਨਿਆਂ, ਜਾਂ ਮੱਸਿਆ ਦਾ ਪ੍ਰਛਾਵਾਂ ਵੀ ਨਾ ਹੋਵੇ।'

ਉੱਤਰ : ਇਹ ਠੀਕ ਹੈ ਕਿ ਸੰਗ੍ਰਾਂਦਾਂ, ਪੁੰਨਿਆਂ, ਜਾਂ ਮੱਸਿਆ ਬ੍ਰਾਹਮਣ ਦੀਆਂ ਬਣਾਈਆਂ ਹੋਈਆਂ ਨਹੀਂ ਪਰ ਇਨ੍ਹਾਂ ਦਿਨਾਂ ਨੂੰ ਪਵਿਤਰ ਦਿਹਾੜੇ ਅਤੇ ਜਨ ਜੀਵਨ 'ਤੇ ਵਿਸ਼ੇਸ਼ ਅਸਰ ਪਾਉਣ ਦਾ ਭ੍ਰਮਜਾਲ ਪੈਦਾ ਕਰਕੇ ਭੋਲ਼ੇ ਲੋਕਾਂ ਤੋਂ ਦਾਨ ਦਖ਼ਸ਼ਣਾਂ ਲੈਣ ਲਈ ਇਨ੍ਹਾਂ ਦਿਨਾਂ ਨੂੰ ਵਿਸ਼ੇਸ਼ ਮਹੱਤਵ ਦੇਣ ਦਾ ਪ੍ਰਚਾਰ ਬ੍ਰਾਹਮਣ ਨੇ ਹੀ ਕੀਤਾ ਹੈ। ਇਸ ਦਾ ਗੁਰਬਾਣੀ ਵਿਚ ਵੀ ਜ਼ਿਕਰ ਹੈ : **'ਆਪਨ ਊਚ, ਨੀਚ ਘਰਿ ਭੋਜਨੁ; ਹਠੇ ਕਰਮ ਕਰਿ, ਉਦਰੁ ਭਰਹਿ ॥ ਚਉਦਸ ਅਮਾਵਸ, ਰਚਿ ਰਚਿ ਮਾਂਗਹਿ; ਕਰ ਦੀਪਕੁ ਲੈ, ਕੂਪਿ ਪਰਹਿ ॥ ੨ ॥' (ਭਗਤ ਕਬੀਰ ਜੀਉ, ਪੰਨਾ ੯੭੦)** ਬ੍ਰਾਹਮਣ ਦਾ ਇਹ ਭ੍ਰਮਜਾਲ ਸਿਰਫ਼ ਅਨਪੜ੍ਹ ਲੋਕਾਂ 'ਤੇ ਹੀ ਨਹੀਂ ਬਲਕਿ ਪੜ੍ਹੀ ਲਿਖੀ ਲੇਖਿਕਾ ਅਮਰਜੀਤ ਕੌਰ ਸਮੇਤ ਉਨ੍ਹਾਂ ਸਾਰਿਆਂ 'ਤੇ ਪਿਆ

ਪ੍ਰਤੱਖ ਵਿਖਾਈ ਦੇ ਰਿਹਾ ਹੈ ਜਿਹੜੇ ਸੰਗ੍ਰਾਂਦਾਂ, ਪੁੰਨਿਆਂ, ਜਾਂ ਮੱਸਿਆ ਨੂੰ ਪਵਿੱਤਰ ਤੇ ਵਿਸ਼ੇਸ਼ ਦਿਹਾੜੇ ਮੰਨਦੇ ਹੋਏ ਇਨ੍ਹਾਂ ਨਾਲ ਜੁੜੇ ਰਹਿਣ ਲਈ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰ ਰਹੇ ਹਨ। ਇੱਥੇ ਬੀਬੀ ਅਮਰਜੀਤ ਕੌਰ ਨੂੰ ਸਮਝ ਕਿਉਂ ਨਹੀਂ ਆ ਰਹੀ ਕਿ ਗੁਰਮਤਿ ਵਿਚ ਇਨ੍ਹਾਂ ਵਿਸ਼ੇਸ਼ ਦਿਨਾਂ ਦੀ ਕੋਈ ਮਹੱਤਤਾ ਨਹੀਂ ਹੈ ਇਸ ਲਈ ਸਾਨੂੰ ਸਮੇਂ ਨੂੰ ਮਾਪਣ ਲਈ ਕੈਲੰਡਰ ਸਿਰਫ਼ ਉਹ ਬਣਾਉਣਾ ਚਾਹੀਦਾ ਹੈ ਜਿਸ ਵਿਚ ਨਿਸਚਤ ਕੀਤੀਆਂ ਇਤਿਹਾਸਕ ਤਾਰੀਖਾਂ ਹਮੇਸ਼ਾਂ ਹੀ ਸਥਿਰ ਤਾਰੀਖਾਂ ਨੂੰ ਆਉਣ ਤੇ ਜਿਸ ਨੂੰ ਦੁਨੀਆਂ ਭਰ ਵਿਚ ਫੈਲੇ ਸਿੱਖਾਂ ਤੇ ਹੋਰ ਲੋਕਾਂ ਲਈ ਸਮਝਣਾ ਤੇ ਯਾਦ ਕਰਨਾ ਬਹੁਤ ਹੀ ਅਸਾਨ ਹੋਵੇ। ਇਸ ਪੱਖੋਂ ਸ: ਪੁਰੇਵਾਲ ਵੱਲੋਂ ਤਿਆਰ ਕੀਤਾ ਨਾਨਕਸ਼ਾਹੀ ਕੈਲੰਡਰ ਬਹੁਤ ਹੀ ਢੁੱਕਵਾਂ ਹੈ; ਕਿਉਂਕਿ ਇਸ ਦੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਪੱਕੇ ਤੌਰ 'ਤੇ ਨਿਸਚਤ ਕਰ ਦਿੱਤੀ ਗਈ ਹੈ। ਪਹਿਲੇ ਪੰਜ ਮਹੀਨੇ - ਚੇਤ, ਵੈਸਾਖ, ਜੇਠ, ਹਾੜ, ਸਾਵਣ 31-31 ਦਿਨਾਂ ਦੇ; ਅਖੀਰਲੇ ਸੱਤ ਮਹੀਨੇ - ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ 30-30 ਦਿਨਾਂ ਦੇ ਹੋਣਗੇ। ਜਿਸ ਸਾਲ ਲੀਪ ਦੇ ਸਾਲ ਵਿਚ ਫਰਵਰੀ 29 ਦਿਨਾਂ ਦੀ ਹੋਵੇਗੀ ਉਸ ਸਾਲ ਇਸ ਮਹੀਨੇ ਵਿਚ ਅਰੰਭ ਹੋਣ ਵਾਲਾ ਮਹੀਨਾ ਫੱਗਣ ਆਪਣੇ ਆਪ 31 ਦਿਨ ਦਾ ਹੋ ਜਾਵੇਗਾ। ਮਹੀਨਿਆਂ ਦੇ ਦਿਨਾਂ ਦੀ ਗਿਣਤੀ ਪੱਕੇ ਤੌਰ 'ਤੇ ਨਿਸਚਤ ਹੋਣ ਕਰਕੇ ਹਰ ਮਹੀਨੇ ਦਾ ਆਰੰਭ ਭਾਵ ਪਹਿਲੀ ਤਾਰੀਖ (ਜਿਸ ਨੂੰ ਬਿਕ੍ਰਮੀ ਕੈਲੰਡਰ ਨਾਲ ਜੁੜੇ ਰਹਿਣ ਦੀ ਵਕਾਲਤ ਕਰਨ ਵਾਲੇ ਬਿਪ੍ਰਵਾਦੀ ਸੋਚ ਦੇ ਲੋਕ ਧੱਕੇ ਨਾਲ ਹੀ ਸੰਗ੍ਰਾਂਦ ਦਾ ਨਾਮ ਦੇ ਰਹੇ ਹਨ) ਹਮੇਸ਼ਾਂ ਲਈ ਪੱਕੇ ਤੌਰ 'ਤੇ ਨਿਸਚਤ ਹੋ ਗਈ ਹੈ।

ਇਸ ਤਰ੍ਹਾਂ ਇਸ ਕੈਲੰਡਰ ਵਿਚ ਜਿਥੇ ਇੱਕ ਵਾਰ ਨਿਸਚਤ ਕੀਤੀਆਂ ਤਾਰੀਖਾਂ ਸਦਾ ਸਦਾ ਲਈ ਹੀ ਸਥਿਰ ਰਹਿਣਗੀਆਂ ਉਥੇ ਇਸ ਦੇ ਸਾਲ ਦੀ ਔਸਤਨ ਲੰਬਾਈ (365 ਦਿਨ 5 ਘੰਟੇ 49 ਮਿੰਟ 12 ਸੈਕੰਡ) ਸਾਰੀ ਦੁਨੀਆਂ ਵਿਚ ਪ੍ਰਚਲਤ ਸਾਂਝੇ ਕੈਲੰਡਰ (ਈਸਵੀ) ਦੇ ਬਿਲਕੁਲ ਬਰਾਬਰ ਅਤੇ ਮੌਸਮੀ ਸਾਲ (365 ਦਿਨ 5 ਘੰਟੇ 48 ਮਿੰਟ 45.2 ਸੈਕੰਡ) ਦੇ ਬਹੁਤ ਹੀ ਨਜ਼ਦੀਕ ਹੋਣ ਕਰਕੇ ਮੌਸਮੀ ਰੁੱਤਾਂ ਨਾਲ ਤਕਰੀਬਨ ਜੁੜਿਆ ਰਹੇਗਾ, ਭਾਵ 3300 ਸਾਲ ਵਿਚ ਕੇਵਲ 1 ਦਿਨ ਦਾ ਫ਼ਰਕ ਪਏਗਾ। ਜਦੋਂ ਕਿ ਬਿਕ੍ਰਮੀ ਸਾਲ ਦੀ ਲੰਬਾਈ ਮੌਸਮੀ ਸਾਲ ਤੋਂ ਤਕਰੀਬਨ 20 ਮਿੰਟ ਵੱਧ ਹੋਣ ਕਰਕੇ 70-71 ਸਾਲਾਂ ਵਿਚ ਹੀ 1 ਦਿਨ ਦਾ ਫ਼ਰਕ ਪੈ ਜਾਂਦਾ ਹੈ। ਬਿਕ੍ਰਮੀ ਸਾਲ ਦੇ ਮਹੀਨਿਆਂ ਦੀ ਗਿਣਤੀ ਹਰ ਸਾਲ ਹੀ 29 ਤੋਂ 32 ਦਿਨਾਂ ਦੇ ਵਿਚਕਾਰ ਵਧਣ ਘਟਣ ਕਾਰਨ ਇਨ੍ਹਾਂ ਦੇ ਮਹੀਨਿਆਂ ਦੀਆਂ ਸੰਗ੍ਰਾਂਦਾਂ ਵੀ ਹਰ ਸਾਲ ਹੀ ਬਦਲਦੀਆਂ ਰਹਿੰਦੀਆਂ ਹਨ ਜਿਸ ਕਾਰਨ ਕੋਈ ਵੀ ਤਾਰੀਖ ਕਦੇ ਵੀ ਸਥਿਰ ਨਹੀਂ ਰਹਿ ਸਕਦੀ।



ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਨੂੰ ਹੋਰ ਕੁਝ ਨਹੀਂ ਲਭਦਾ ਤਾਂ ਉਹ ਇਹ ਕਹਿ ਕੇ ਭੰਡਣਾ ਸ਼ੁਰੂ ਕਰ ਦਿੰਦੇ ਹਨ ਕਿ ਦੇਖੋ ਜੀ ਪੁਰੇਵਾਲ ਨੇ ਦੋ ਦੋ ਸੰਗ੍ਰਾਂਦਾ ਬਣਾ ਦਿੱਤੀਆਂ। ਅਸਲ ਵਿਚ ਇਹ ਵੀ ਉਨ੍ਹਾਂ ਦਾ ਉਸੇ ਤਰ੍ਹਾਂ ਦਾ ਹੀ ਭਰਮ ਹੈ ਜਿਸ ਤਰ੍ਹਾਂ ਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਸੋਰਠਿ ਰਾਗੁ ਵਿਚ ਪੰਨਾ ੬੫੭ 'ਤੇ ਦਰਜ ਆਪਣੇ ਸ਼ਬਦ ਵਿਚ ਕੀਤਾ ਹੈ : **'ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥'** ਉਨ੍ਹਾਂ ਨੂੰ ਭਰਮ ਹੋ ਗਿਆ ਕਿ ਪੁਰੇਵਾਲ ਨੇ ਦੋ ਦੋ ਸੰਗ੍ਰਾਂਦਾਂ ਬਣਾ ਦਿੱਤੀਆਂ। ਜਦੋਂ ਕਿ ਸਚਾਈ ਇਹ ਹੈ ਕਿ ਸ: ਪਾਲ ਸਿੰਘ ਪੁਰੇਵਾਲ ਜੀ ਨੇ ਇੱਕ ਵੀ ਸੰਗ੍ਰਾਂਦ ਨਹੀਂ ਬਣਾਈ; ਉਨ੍ਹਾਂ ਨੇ ਸਿਰਫ਼ ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੀਆਂ ਪਹਿਲੀਆਂ ਤਾਰੀਖਾਂ ਨਿਸਚਤ ਕੀਤੀਆਂ ਹਨ। ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਅਨੁਸਾਰ ਹੁਣ ਤਾਂ ਸਾਲ ਵਿਚ ਸਿਰਫ਼ 4-5 ਸੰਗ੍ਰਾਂਦਾਂ ਹੀ ਦੋ ਦੋ ਆਉਂਦੀਆਂ ਹਨ ਪਰ ਆਉਣ ਵਾਲੇ ਸਮੇਂ ਵਿਚ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੇ ਅਰੰਭ ਦੀ ਸਾਰੀਆਂ ਹੀ ਤਾਰੀਖਾਂ ਬਿਕ੍ਰਮੀ ਕੈਲੰਡਰ ਦੀਆਂ ਸੰਗ੍ਰਾਂਦਾਂ ਨਾਲੋਂ ਅਲਾਇਦਾ ਹੋ ਜਾਣਗੀਆਂ। ਇੱਥੋਂ ਤੱਕ ਕਿ ਮਹੀਨੇ ਵੀ ਵੱਖ ਵੱਖ ਹੋ ਜਾਣਗੇ। ਭਾਵ ਜਦੋਂ ਉਨ੍ਹਾਂ ਦਾ ਫੱਗਣ ਮਹੀਨਾ ਹੋਵੇਗਾ ਸਾਡਾ ਚੇਤ ਸ਼ੁਰੂ ਹੋ ਜਾਵੇਗਾ। ਜਦੋਂ ਉਨ੍ਹਾਂ ਦਾ ਚੇਤ ਹੋਵੇਗਾ ਤਾਂ ਸਾਡਾ ਵੈਸਾਖ ਹੋਵੇਗਾ। ਇਸੇ ਤਰ੍ਹਾਂ ਬਾਕੀ ਦੇ ਸਾਰੇ ਮਹੀਨੇ ਵੱਖ ਵੱਖ ਹੋ ਜਾਣਗੇ ਤੇ ਇਹ ਫ਼ਰਕ ਸਮੇਂ ਨਾਲ ਵਧਦਾ ਹੀ ਜਾਵੇਗਾ। ਇਨ੍ਹਾਂ ਵੀਰਾਂ ਨੂੰ ਇਹ ਨਹੀਂ ਪਤਾ ਕਿ ਸਾਡੀ ਸਿਰਫ਼ ਸੰਗ੍ਰਾਂਦ ਹੀ ਵੱਖਰੀ ਨਹੀਂ ਬਲਕਿ ਹਰ ਚੀਜ ਦੇ ਅਰਥ ਵੱਖਰੇ ਹਨ। ਜਿਵੇਂ ਕਿ ਉਨ੍ਹਾਂ ਲਈ 'ਰਾਮ' ਅਯੁੱਧਿਆ ਦੇ ਰਾਜਾ ਦਸਰਥ ਦਾ ਪੁੱਤਰ, ਸੀਤਾ ਦਾ ਪਤੀ ਤੇ ਲਛਮਣ ਦਾ ਭਰਾ ਹੈ; ਜਿਸ ਨੂੰ ਉਹ ਭਗਵਾਨ ਕਰਕੇ ਪੂਜਦੇ ਹਨ। ਗੁਰਬਾਣੀ ਵਿਚ ਉਨ੍ਹਾਂ ਦੇ 'ਰਾਮ' ਸਬੰਧੀ ਲਿਖਿਆ ਹੈ :

**'ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥' (੯੫੪)**

**'ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੩ ॥' (ਨਾਮਦੇਵ ਜੀ, ਪੰਨਾ ੮੭੫)**

ਪਰ ਸਾਡਾ 'ਰਾਮੁ' ਉਹ ਹੈ ਜਿਸ ਦਾ ਕੋਈ ਵੀ ਰੂਪ ਰੇਖ ਹੈ ਹੀ ਨਹੀਂ ਅਤੇ ਜੋ ਹਮੇਸ਼ਾਂ ਹਿਰਦੇ ਵਿਚ ਵਸਦਾ ਹੋਣ ਕਰਕੇ ਉਸ ਨੂੰ ਰੋਮਿ ਰੋਮਿ ਰਾਹੀ ਧਿਆ ਕੇ ਸਾਰੀ ਤ੍ਰਿਸ਼ਨਾ ਭੁੱਖ ਮਿਟਾ ਲਈਦੀ ਹੈ :

**'ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥ ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥ ਰਾਮ ਨਾਮੁ ਧਿਆਏ ਪਵਿਤੁ ਹੋਇ ਆਏ**

**ਤਿਸੁ ਰੂਪੁ ਨ ਰੇਖਿਆ ਕਾਈ॥ ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ॥' (ਆਸਾ ਮ: ੪, ਪੰਨਾ ੪੪੩)**

ਇਸੇ ਤਰ੍ਹਾਂ ਜੇ ਅਸੀਂ ਵੱਖਰੀ ਸਿੱਖ ਕੌਮ ਹੋਣ ਦਾ ਦਾਅਵਾ ਕਰਦੇ ਹਾਂ ਤਾਂ ਸਾਡਾ ਰਾਮ ਵੀ ਵੱਖਰਾ, ਕੈਲੰਡਰ ਵੀ ਵੱਖਰਾ, ਸੰਗ੍ਰਾਂਦ ਵੀ ਵੱਖਰੀ, ਮਹੀਨੇ ਵੀ ਵੱਖਰੇ ਹੋਣਾ ਕੋਈ ਅਸਚਰਜਤਾ ਵਾਲੀ ਗੱਲ ਨਹੀਂ ਹੈ। ਦੂਸਰੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਦੋ ਦੋ ਸੰਗ੍ਰਾਂਦਾਂ ਤਾਂ ਚੁੱਭਦੀਆਂ ਹਨ ਪਰ ਇੱਕ ਸਾਲ ਵਿਚ ਆਏ ਦੋ ਦੋ ਗੁਰਪੁਰਬ ਆਉਣੇ ਕੋਈ ਖ਼ਾਸ ਗੱਲ ਨਹੀਂ। ਇੱਕੋ ਸਾਲ ਵਿਚ ਇੱਕੋ ਨਾਮ ਦੇ ਦੋ ਦੋ ਮਹੀਨੇ ਆਉਣ 'ਤੇ ਕੋਈ ਇਤਰਾਜ ਨਹੀਂ। ਹਰ ਮਹੀਨੇ ਵਿਚ ਦੋ ਦੋ ਤਿੱਥਾਂ ਇੱਕੋ ਦਿਨ ਆ ਜਾਣੀਆਂ, ਜਾਂ ਦੋ ਦੋ ਦਿਨਾਂ ਵਿਚ ਇੱਕੋ ਤਿੱਥ ਆ ਜਾਣ 'ਤੇ ਕੋਈ ਇਤਰਾਜ ਕਿਉਂ ਨਹੀਂ ਹੈ?

ਕਿਤਾਬਚੇ ਦੇ ਪੰਨਾ ਨੰ : 24 'ਤੇ ਜੂਲੀਅਨ ਅਤੇ ਗੈਰੀਗੋਰੀਅਨ ਕੈਲੰਡਰ ਬਾਰੇ ਜਾਣਕਾਰੀ ਦਿੰਦੀ ਹੋਈ ਬੀਬੀ ਜੀ ਲਿਖ ਰਹੀ ਹੈ : 'ਜੂਲੀਅਨ ਕੈਲੰਡਰ ਦੇ ਸਾਲ ਦੀ ਔਸਤਨ ਲੰਬਾਈ (365 ਦਿਨ + 6 ਘੰਟੇ) ਦਾ ਅਸਲੀ ਸੂਰਜੀ ਸਾਲ (ਉਹ ਪੂਰਾ ਚੱਕਰ ਜੋ ਧਰਤੀ ਸੂਰਜ ਦੇ ਦੁਆਲੇ ਲਾਉਂਦੀ ਹੈ) ਦੀ ਲੰਬਾਈ (365 ਦਿਨ + 5 ਘੰਟੇ + 48 ਮਿੰਟ ) ਤੋਂ 11 ਮਿੰਟ 23 ਸੈਕੰਡ ਦਾ ਫ਼ਰਕ ਸੀ ਜੋ ਬਾਅਦ ਵਿਚ ਘਟ ਕੇ 10 ਮਿੰਟ 94 ਸੈਕੰਡ ਰਹਿ ਗਿਆ।'

(ਉੱਤਰ : ਪਹਿਲੀ ਗੱਲ ਤਾਂ ਇਹ ਹੈ ਕਿ 10 ਮਿੰਟ 94 ਸੈਕੰਡ ਲਿਖਣਾ ਹੀ ਗ਼ਲਤ ਹੈ ਕਿਉਂਕਿ 94 ਸੈਕੰਡ ਦੇ 1 ਮਿੰਟ 34 ਸੈਕੰਡ ਬਣ ਜਾਂਦੇ ਹਨ ਇਸ ਲਈ ਇਹ 11 ਮਿੰਟ 34 ਸੈਕੰਡ ਲਿਖਣਾ ਬਨਦਾ ਸੀ। ਦੂਸਰੀ ਗੱਲ ਇਹ ਜਾਣਕਾਰੀ ਨਹੀਂ ਦੇ ਸਕੀ ਕਿ ਫ਼ਰਕ ਘਟਿਆ ਜਾਂ ਵਧਿਆ ਕਿਵੇਂ? ਬੀਬੀ ਜੀ ਤਾਂ ਫ਼ਰਕ ਲਈ ਸ਼ਬਦ 'ਘਟ ਕੇ' ਵਰਤ ਰਹੀ ਹੈ ਪਰ ਉਸ ਵੱਲੋਂ ਦਿੱਤੇ ਡਾਟੇ ਮੁਤਾਬਕਿ ਫ਼ਰਕ ਘਟਿਆ ਨਹੀਂ ਸਗੋਂ ਵਧਿਆ ਹੈ। ਅਸਲੀ ਸੱਚ ਕੀ ਹੈ ਇਹ ਬੀਬੀ ਜੀ ਹੀ ਜਾਣਦੀ ਹੈ।)

ਆਪਣੀ ਗੱਲ ਨੂੰ ਜਾਰੀ ਰੱਖਦੀ ਹੋਈ ਬੀਬੀ ਜੀ ਇਸ ਤੋਂ ਅੱਗੇ ਲਿਖਦੀ ਹੈ : 'ਜਿਸ ਕਰਕੇ 131 ਸਾਲਾਂ ਬਾਦ ਜੂਲੀਅਨ ਕੈਲੰਡਰ ਵਿਚ ਇੱਕ ਦਿਨ ਦਾ ਵਾਧਾ ਹੋ ਜਾਂਦਾ ਹੈ। ਭਾਵ ਧਰਤੀ ਨੇ ਇੱਕ ਦਿਨ ਪਹਿਲੋਂ ਸੂਰਜ ਦੁਆਲੇ ਚੱਕਰ ਪੂਰਾ ਕਰਕੇ 31 ਦਸੰਬਰ ਨੂੰ ਨਵਾਂ ਚੱਕਰ ਕੱਟਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਜੂਲੀਅਨ ਕੈਲੰਡਰ ਦਾ ਇੱਕ ਦਿਨ ਵਧ ਗਿਆ। ਫਲਸਰੂਪ ਮੌਸਮ ਵਿਚ ਅਤੇ ਤਿਉਹਾਰਾਂ ਵਿਚ ਫ਼ਰਕ ਪੈਣ ਲੱਗਾ। ਭਾਵ ਰੁੱਤਾਂ ਨਾਲ ਸਬੰਧਤ ਇਕੁਆਨੌਕਸਿਜ਼ (Equinox) – ਜਦੋਂ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ (21 ਮਾਰਚ ਤੇ 21 ਸਤੰਬਰ) ਅਤੇ



ਸੋਲਸਟਾਇਸਿਜ਼ (Solstices) – ਸਾਲ ਦਾ ਸਭ ਤੋਂ ਵੱਡਾ ਤੇ ਛੋਟਾ ਦਿਨ (21 ਜੂਨ ਤੇ 21 ਦਸੰਬਰ) ਆਪਣੇ ਅਸਲੀ ਥਾਂ ਤੋਂ ਅੱਗੇ ਜਾਣ ਲੱਗੇ ਜੋ ਗ੍ਰਹਿ ਵਿਗਿਆਨ ਅਨੁਸਾਰ ਇੱਕ ਬਹੁਤ ਵੱਡੀ ਗ਼ਲਤੀ ਸੀ। ਸੋ ਸੋਲ੍ਹਵੀਂ ਸਦੀ ਤੱਕ ਇਹ ਵਾਧਾ ਦਸ ਦਿਨ ਦਾ ਹੋ ਗਿਆ। 1582 ਵਿਚ ਪੋਪ ਗੈਰੀਗੋਰੀਅਨ ਨੇ ਇਸ ਗ਼ਲਤੀ ਨੂੰ ਦਰੁਸਤ ਕਰਨ ਲਈ ਖਗੋਲ ਵਿਗਿਆਨੀਆਂ ਦੀ ਮੱਦਦ ਨਾਲ ਇੱਕ ਨਵੇਂ ਕੈਲੰਡਰ ਨੂੰ ਹੋਂਦ ਵਿਚ ਲਿਆਂਦਾ। ਜਿਸ ਅਨੁਸਾਰ 4 ਅਕਤੂਬਰ 1582 ਤੋਂ ਬਾਅਦ ਇਕਦਮ 15 ਅਕਤੂਬਰ ਐਲਾਨ ਕਰਕੇ ਇਹ ਵਧੇ ਹੋਏ ਦਸ ਦਿਨਾਂ ਨੂੰ ਖ਼ਤਮ ਕਰਕੇ ਮੁੜ 21 ਮਾਰਚ, 21 ਜੂਨ, 21 ਸਤੰਬਰ ਅਤੇ 21 ਦਸੰਬਰ ਨੂੰ ਆਪਣੇ ਥਾਂ ਲੈ ਆਂਦਾ।'

ਉੱਤਰ : ਜਿੰਨਾ ਕੁ ਗਿਆਨ ਬੀਬੀ ਜੀ ਨੂੰ ਜੂਲੀਅਨ ਤੇ ਗੈਰੀਗੋਰੀਅਨ ਕੈਲੰਡਰ ਸਬੰਧੀ ਹੈ ਜੇ ਇਨ੍ਹਾਂ ਕੁ ਗਿਆਨ ਬਿਕ੍ਰਮੀ ਕੈਲੰਡਰ ਸਬੰਧੀ ਵੀ ਹੁੰਦਾ ਤਾਂ ਉਹ ਇਸ ਦੇ ਸਾਲ ਦੀ ਔਸਤਨ ਲੰਬਾਈ, ਇਕੁਆਨੌਕਸਿਜ਼ ਅਤੇ ਸੋਲਸਟਾਈਸਿਜ਼ ਬਾਰੇ ਵੀ ਜ਼ਰੂਰ ਜਾਣਕਾਰੀ ਦਿੰਦੀ ਕਿ ਬਿਕ੍ਰਮੀ ਕੈਲੰਡਰ ਦੇ ਇਕੁਆਨੌਕਸਿਜ਼ ਤੇ ਸੋਲਸਟਾਈਸਿਜ਼ ਕਿਹੜੇ ਕਿਹੜੇ ਮਹੀਨਿਆਂ ਦੇ ਕਿਹੜੇ ਕਿਹੜੇ ਦਿਨਾਂ ਨੂੰ ਆਉਂਦੇ ਹਨ। ਇਹ ਵੀ ਦੱਸੇ ਕਿ ਕੀ ਇਨ੍ਹਾਂ ਦਿਨਾਂ ਵਿਚ ਹੁਣ ਤੱਕ ਕੋਈ ਫ਼ਰਕ ਪਿਆ ਹੈ ਜਾਂ ਇਹ ਸਦਾ ਲਈ ਹੀ ਸਥਿਰ ਰਹਿਣਗੇ? ਪਰ ਉਸ ਨੇ ਆਪਣੇ ਸਾਰੇ ਲੇਖ ਵਿਚ ਇਨ੍ਹਾਂ ਬਾਰੇ ਰੰਚਕ ਮਾਤਰ ਵੀ ਜਾਣਕਾਰੀ ਨਹੀਂ ਦਿੱਤੀ। ਜੇ ਇਹ ਜਾਣਕਾਰੀ ਉਸ ਕੋਲ ਹੋਵੇ ਤਾਂ ਉਸ ਨੂੰ ਸਮਝਾਉਣਾ ਬਹੁਤ ਹੀ ਸੌਖਾ ਹੋ ਜਾਵੇ ਕਿ ਜਿਸ ਬਿਕ੍ਰਮੀ ਕੈਲੰਡਰ ਨੂੰ ਉਹ ਸਭ ਤੋਂ ਸ਼ੁੱਧ ਤੇ ਸ੍ਰੇਸ਼ਟ ਮੰਨ ਰਹੀ ਹੈ, ਉਸ ਦੇ 1964 ਵਿਚ ਦ੍ਰਿੱਕ ਗਣਿਤ ਨਾਲ ਸੋਧੇ ਮੌਜੂਦਾ ਸਾਲ ਦੀ ਲੰਬਾਈ ਤਾਂ ਮੌਸਮੀ ਸਾਲ ਤੋਂ ਲੱਗਪਗ 20 ਮਿੰਟ ਵੱਧ ਹੈ (1964 ਤੋਂ ਪਹਿਲਾਂ ਸੂਰਯਾ ਸਿਧਾਂਤ ਅਨੁਸਾਰ ਇਸ ਦੀ ਲੰਬਾਈ ਲੱਗਪਗ 24 ਮਿੰਟ ਵੱਧ ਸੀ)। ਇਸ ਕਰਕੇ ਇਹ ਤਾਂ ਜੂਲੀਅਨ ਕੈਲੰਡਰ ਨਾਲੋਂ ਵੀ ਬਹੁਤ ਤੇਜੀ ਨਾਲ ਮੌਸਮੀ ਸਾਲ ਤੋਂ ਪਛੜ ਰਿਹਾ ਹੈ ਇਸ ਲਈ ਇਸ ਵਿਚ ਸੋਧ ਦੀ ਭਾਰੀ ਲੋੜ ਹੈ। ਸ: ਪਾਲ ਸਿੰਘ ਪੁਰੇਵਾਲ ਨੇ ਇਸ ਵਿਚ ਸੋਧ ਕਰਕੇ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਹੈ ਤਾਂ ਉਸ ਦਾ ਵਿਰੋਧ ਕਰਨ ਦੀ ਕੋਈ ਤੁਕ ਨਹੀਂ ਬਣਦੀ ਸਗੋਂ ਸੁਆਗਤ ਕਰਨਾ ਬਣਦਾ ਹੈ। ਦੂਸਰੀ ਗੱਲ ਇਹ ਹੈ ਕਿ ਜੇ ਗੁਰੂ ਕਾਲ ਸਮੇਂ ਲਾਗੂ ਸੂਰਯ ਸਿਧਾਂਤ ਵਾਲੇ ਬਿਕ੍ਰਮੀ ਕੈਲੰਡਰ ਨੂੰ ਪੰਡਿਤ ਵਿਦਵਾਨਾਂ ਵੱਲੋਂ 1964 ਵਿਚ ਸੋਧ ਕੇ ਬਣਾਏ ਦ੍ਰਿੱਕ ਗਣਿਤ ਵਾਲੇ ਸਿਧਾਂਤ ਅਨੁਸਾਰ ਬਣਾਏ ਕੈਲੰਡਰ ਨੂੰ ਇਨ੍ਹਾਂ ਬਿਨਾਂ ਕਿਸੇ ਹੀਲ ਹੁੱਜਤ ਤੋਂ ਮੰਨ ਲਿਆ ਹੈ ਤਾਂ ਸ: ਪੁਰੇਵਾਲ ਵੱਲੋਂ ਸੋਧ ਕੇ ਬਣਾਏ ਗਏ ਨਾਨਕਸ਼ਾਹੀ ਕੈਲੰਡਰ 'ਤੇ ਇਤਨਾ ਚੀਕ ਚਿਹਾੜਾ ਕਿਉਂ?

ਇਸ ਤੋਂ ਅੱਗੇ ਪੰਨਾ 24-25 'ਤੇ ਬੀਬੀ ਜੀ ਲਿਖ ਰਹੀ ਹੈ "ਇਸ ਤਬਦੀਲੀ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ, ਦੰਗੇ ਫਸਾਦ ਵੀ ਹੋਏ ਪਰ ਕਿਉਂਕਿ ਇਹ ਆਦੇਸ਼ ਕੈਥੋਲਿਕ ਚਰਚ ਰੋਮ ਵੱਲੋਂ ਹੋਇਆ ਸੀ, ਇਸ ਲਈ ਕੈਥੋਲਿਕ ਦੇਸ਼ਾਂ ਨੂੰ ਹੌਲੀ ਹੌਲੀ ਮੰਨਣਾ ਹੀ ਪਿਆ। ਪਰ ਇਸ ਦੀ ਵਰਤੋਂ ਧਾਰਮਿਕ ਖੇਤਰ ਵਿਚ ਕਰਨੀ ਮੁਸ਼ਕਲ ਸੀ ਕਿਉਂਕਿ ਧਾਰਮਿਕ ਤਿਉਹਾਰ ਪੁੰਨਿਆਂ, ਮੱਸਿਆ ਨਾਲ ਜੁੜੇ ਹੁੰਦੇ ਹਨ ਅਤੇ ਇਹ ਕੈਲੰਡਰ ਚੰਦਰਮਾਂ ਦੀ ਚਾਲ ਬਾਰੇ ਕੁਝ ਨਹੀਂ ਦਸਦਾ ਪਰ ਟਰੌਪੀਕਲ ਹੋਣ ਕਰਕੇ, ਕਰਕ ਰੇਖਾ, ਮਕਰ ਰੇਖਾ, ਉਤਰਾਇਣ ਜਾਂ ਦੱਖਣਾਇਣ ਬਾਰੇ ਦੱਸ ਕੇ ਸਿਰਫ਼ ਮੌਸਮ ਦੀ ਜਾਣਕਾਰੀ ਹੀ ਦਿੰਦਾ ਹੈ ਕਿ ਹੁਣ ਕਿਹੜਾ ਮੌਸਮ ਸ਼ੁਰੂ ਹੋਣ ਵਾਲਾ ਹੈ ਪਰ ਪੁੰਨਿਆਂ ਮੱਸਿਆ ਬਾਰੇ ਚੁੱਪ ਹੈ ਇਸ ਲਈ ਧਾਰਮਿਕ ਖੇਤਰ ਵਿਚ ਇਸ ਦੀ ਥਾਂ 'ਤੇ ਅੱਜ ਤੱਕ ਚੰਦਰਮਾ ਕੈਲੰਡਰ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਹੋਰ ਤਾਂ ਹੋਰ ਇਸ ਦੀ ਬੁਕਤ ਖਗੋਲ ਜਾਂ ਪੁਲਾੜ ਵਿਗਿਆਨ ਵਿਚ ਵੀ ਉੱਕਾ ਹੀ ਨਹੀਂ। ਉਥੇ ਵੀ ਜੂਲੀਅਨ ਕੈਲੰਡਰ ਨੂੰ ਹੀ ਅਧਾਰ ਬਣਾਇਆ ਜਾਂਦਾ ਹੈ।"

(ਉੱਤਰ : ਬੀਬੀ ਜੀ ਕਿਤਨੀ ਦੁਬਿਧਾ ਵਿਚ ਲੱਗ ਰਹੀ ਹੈ ਕਿਉਂਕਿ ਪੰਨਾ ਨੰ : 19 'ਤੇ ਤਾਂ ਲਿਖ ਰਹੀ ਹੈ "ਰੁੱਤਾਂ ਦਾ ਦਾਅਵਾ ਕਰਨ ਵਾਲਾ ਕੈਲੰਡਰ ਖ਼ੁਦ ਹੀ ਰੁੱਤਾਂ ਦਾ ਸਾਥ ਛੱਡ ਰਿਹਾ ਹੈ। ਦੋਸ਼ ਬਿਕ੍ਰਮੀ ਕੈਲੰਡਰ 'ਤੇ ਲਾਏ ਜਾ ਰਹੇ ਹਨ ਜੋ ਸਦੀਆਂ ਤੋਂ ਓਥੇ ਹੀ ਟਿਕਿਆ ਹੋਇਆ ਹੈ।" ਪਰ ਪੰਨਾ 25 'ਤੇ ਲਿਖ ਰਹੀ ਹੈ : 'ਟਰੌਪੀਕਲ ਹੋਣ ਕਰਕੇ ਇਹ ਰੁੱਤਾਂ ਦੀ ਜਾਣਕਾਰੀ ਦਿੰਦਾ ਹੈ।'

ਉਸ ਨੂੰ ਇਹ ਵੀ ਨਹੀਂ ਪਤਾ ਕਿ ਜੂਲੀਅਨ ਅਤੇ ਗੈਰੀਗੋਰੀਅਨ ਕੈਲੰਡਰ ਵਿਚ ਸਿਧਾਂਤਕ ਤੌਰ 'ਤੇ ਕੋਈ ਵੀ ਫ਼ਰਕ ਨਹੀਂ ਹੈ, ਸਿਰਫ਼ ਜੂਲੀਅਨ ਕੈਲੰਡਰ ਦੇ ਸਾਲ ਦੀ ਲੰਬਾਈ ਘਟਾ ਕੇ ਮੌਸਮੀ ਸਾਲ ਦੇ ਨਜ਼ਦੀਕ ਲਿਆਉਣ ਲਈ ਸੋਧ ਕੀਤੀ ਗਈ ਹੈ। ਜਿਥੇ ਜੂਲੀਅਨ ਸਾਲ ਦਾ ਹਰ ਚੌਥਾ ਸਾਲ ਲੀਪ ਦਾ ਹੋਣ ਕਰਕੇ 366 ਦਿਨ ਦਾ ਹੁੰਦਾ ਸੀ ਉਥੇ ਸੋਧ ਉਪ੍ਰੰਤ ਗੈਰੀਗੋਰੀਅਨ ਕੈਲੰਡਰ ਵਿਚ ਹਰ ਸਦੀ ਦਾ ਅਖੀਰਲਾ ਸਾਲ ਭਾਵ 100ਵਾਂ, 200ਵਾਂ 300ਵਾਂ ਆਦਿਕ ਬੇਸ਼ੱਕ ਇਹ 4 'ਤੇ ਵੰਡੇ ਜਾਂਦੇ ਹਨ ਪਰ ਇਹ ਸਾਲ ਲੀਪ ਦੇ ਨਹੀਂ ਹੁੰਦੇ ਪਰ 400ਵਾਂ ਸਾਲ ਫਿਰ ਲੀਪ ਦਾ ਹੁੰਦਾ ਹੈ। ਸਿੱਧੇ ਸ਼ਬਦਾਂ ਵਿਚ ਲੀਪ ਦੇ ਸਾਲ ਦਾ ਫਾਰਮੂਲਾ ਇਹ ਹੈ ਕਿ ਜਿਹੜਾ ਸਾਲ 4 'ਤੇ ਵੰਡਿਆ ਜਾਵੇ ਉਹ ਲੀਪ ਦਾ ਸਾਲ ਹੁੰਦਾ ਹੈ ਪਰ ਜਿਹੜਾ 100 'ਤੇ ਵੀ ਪੂਰਾ ਵੰਡਿਆ ਜਾਵੇ, ਜਿਵੇਂ ਕਿ 100ਵਾਂ, 200ਵਾਂ, 300ਵਾਂ, 500ਵਾਂ ਆਦਿਕ, ਉਹ ਲੀਪ ਦਾ ਸਾਲ ਨਹੀਂ ਹੁੰਦਾ; ਜਿਹੜਾ 400 'ਤੇ ਵੀ ਪੂਰਾ ਵੰਡਿਆ ਜਾਵੇ, ਜਿਵੇਂ ਕਿ 400, 800, 1200, 1600, ਆਦਿਕ, ਉਹ ਫਿਰ ਲੀਪ ਦਾ ਸਾਲ ਹੁੰਦਾ ਹੈ। ਇਸ ਤਰ੍ਹਾਂ ਜਿਥੇ ਜੂਲੀਅਨ ਕੈਲੰਡਰ ਦੇ 400



ਸਾਲਾਂ ਵਿਚ 100 ਸਾਲ ਲੀਪ ਦੇ ਹੁੰਦੇ ਸਨ ਉਥੇ ਗੈਰੀਗੋਰੀਅਨ ਕੈਲੰਡਰ ਵਿਚ 97 ਸਾਲ ਲੀਪ ਦੇ ਹੁੰਦੇ ਹਨ। ਇਸ ਤਰ੍ਹਾਂ ਜਿਹੜੀ ਸੋਧ 1582 ਵਿਚ 10 ਦਿਨ ਖ਼ਤਮ ਕਰਕੇ ਕੀਤੀ ਉਹ ਹੁਣ ਆਪਣੇ ਆਪ ਹੀ ਨਾਲੋਂ ਨਾਲ ਹੋਈ ਜਾਂਦੀ ਹੈ। ਇਸ ਸੋਧ ਨਾਲ ਗੈਰੀਗੋਰੀਅਨ ਕੈਲੰਡਰ ਦੀ ਬੁਕਤ ਖਗੋਲ ਜਾਂ ਪੁਲਾੜ ਵਿਗਿਆਨ ਵਿਚ ਕਿਵੇਂ ਖ਼ਤਮ ਹੋ ਗਈ ਇਹ ਬੀਬੀ ਅਮਰਜੀਤ ਕੌਰ ਹੀ ਦੱਸ ਸਕਦੀ ਹੈ! ਹੋ ਸਕਦਾ ਹੈ ਕਿ ਖਗੋਲ ਜਾਂ ਪੁਲਾੜ ਵਿਗਿਆਨੀ ਬੀਬੀ ਜੀ ਦੇ ਇਸ ਕਥਨ ਨੂੰ ਉਸੇ ਤਰ੍ਹਾਂ ਹੀ ਰੱਦ ਕਰ ਦੇਣ ਜਿਵੇਂ ਖੇਤੀ ਵਿਗਿਆਨੀਆਂ ਨੇ ਫਸਲਾਂ ਦੀ ਬੀਜਾਈ ਸਮੇਂ ਹਨੇਰੇ ਜਾਂ ਚਾਨਣੇ ਪੱਖ ਦੇ ਪ੍ਰਭਾਵ ਨੂੰ ਰੱਦ ਕੀਤਾ ਹੈ।)

ਕਿਤਾਬਚੇ ਦੇ ਪੰਨਾ ਨੰ : 37 'ਤੇ ਬੀਬੀ ਜੀ ਨੇ ਬਿਕ੍ਰਮੀ ਤੇ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਗੁਰੂ ਸਾਹਿਬਾਨ ਦੇ ਆਏ ਗੁਰਪੁਰਬਾਂ ਦਾ ਚਾਰਟ ਬਣਾ ਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਪੁਰੇਵਾਲ ਨੇ ਅਸਲੀ ਤਾਰੀਖਾਂ ਬਦਲ ਕੇ ਇਤਿਹਾਸ ਨੂੰ ਮਿਥਿਹਾਸ ਵਿਚ ਬਦਲ ਦਿੱਤਾ ਹੈ। ਪਰ ਬੀਬੀ ਜੀ ਇਹ ਸਮਝਣ ਦਾ ਯਤਨ ਨਹੀਂ ਕਰ ਰਹੀ ਕਿ ਉਸ ਵੱਲੋਂ ਬਿਕ੍ਰਮੀ ਕੈਲੰਡਰ ਅਨੁਸਾਰ ਈਸਵੀ ਸੰਨ ਦੀਆਂ ਦਿੱਤੀਆਂ ਤਾਰੀਖਾਂ ਈਸਵੀ ਸੰਨ ਦੀਆਂ ਨਹੀਂ ਹਨ ਬਲਕਿ ਇਹ ਬਿਕ੍ਰਮੀ ਕੈਲੰਡਰ ਦੇ ਚੰਦਰਮਾਂ ਦੀਆਂ ਤਿੱਥਾਂ ਅਨੁਸਾਰ ਈਸਵੀ ਸੰਨ ਦੀਆਂ ਉਸ ਸਾਲ ਵਿਚ ਆਈਆਂ ਤਾਰੀਖਾਂ ਹਨ ਜੋ ਹਰ ਸਾਲ ਹੀ ਬਦਲਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਵਿਚ ਇਹ ਤਾਰੀਖਾਂ ਈਸਵੀ ਸੰਨ ਦੀਆਂ ਨਹੀਂ ਹਨ ਬਲਕਿ ਇਤਿਹਾਸ ਮੁਤਾਬਕ ਦੇਸੀ ਮਹੀਨਿਆਂ ਦੀਆਂ ਅਸਲ ਤਾਰੀਖਾਂ ਹਨ ਜੋ ਨਾਨਕਸ਼ਾਹੀ ਕੈਲੰਡਰ ਵਿਚ ਹਮੇਸ਼ਾਂ ਲਈ ਹੀ ਬੀਬੀ ਜੀ ਵੱਲੋਂ ਦਿੱਤੇ ਗਏ ਚਾਰਟ 'ਚ ਦਿੱਤੀਆਂ ਗਈਆਂ ਈਸਵੀ ਸੰਨ ਦੀਆਂ ਤਾਰੀਖਾਂ ਨੂੰ ਆਉਣਗੀਆਂ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੋਹ ਸੁਦੀ 7, 23 ਪੋਹ ਸੰਮਤ 1723/ 22 ਦਸੰਬਰ 1666 ਜੂਲੀਅਨ ਹੈ। ਪਹਿਲਾਂ ਰਵਾਇਤ ਅਨੁਸਾਰ ਪ੍ਰਕਾਸ਼ ਗੁਰਪੁਰਬ ਪੋਹ ਸੁਦੀ 7 ਨੂੰ ਮਨਾਇਆ ਜਾਂਦਾ ਸੀ ਜਿਹੜਾ ਕਿ ਸੂਰਜੀ ਮਹੀਨਿਆਂ ਭਾਵ ਮੌਸਮ ਅਧਾਰਤ ਕੈਲੰਡਰ ਵਿਚ ਹਰ ਸਾਲ ਹੀ ਬਦਲਵੀਆਂ ਤਾਰੀਖਾਂ ਨੂੰ ਆਉਂਦਾ ਸੀ। ਇੱਥੋਂ ਤੱਕ ਕਿ ਕਿਸੇ ਸਾਲ ਵਿਚ ਆਉਂਦਾ ਹੀ ਨਹੀਂ ਸੀ ਜਿਵੇਂ ਕਿ ਬੀਬੀ ਜੀ ਵੱਲੋਂ ਵਿਖਾਏ ਗਏ ਚਾਰਟ ਵਿਚ ਵੀ 2003 ਵਿਚ ਨਹੀਂ ਸੀ ਆਇਆ ਅਤੇ ਕਈ ਵਾਰ ਇਹ ਇੱਕ ਸਾਲ ਵਿਚ ਦੋ ਵਾਰ ਵੀ ਆ ਜਾਂਦਾ ਹੈ। ਸਃ ਪੁਰੇਵਾਲ ਨੇ ਗੁਰਪੁਰਬ ਦੀ ਤਾਰੀਖ ਈਸਵੀ ਸੰਨ ਦੀ ਤਾਰੀਖ ਨਹੀਂ ਲਈ ਬਲਕਿ ਦੇਸੀ ਮਹੀਨੇ ਦੀ 23 ਪੋਹ ਰੱਖੀ ਹੈ। ਕਿਉਂਕਿ 1752 ਵਿਚ ਜੂਲੀਅਨ ਕੈਲੰਡਰ ਨੂੰ ਗੈਰੀਗੋਰੀਅਨ ਕੈਲੰਡਰ ਵਿਚ ਬਦਲਣ ਸਮੇਂ 11 ਦਿਨ ਖ਼ਤਮ ਕੀਤੇ ਗਏ ਸਨ ਇਸ ਲਈ ਇਸ ਸੋਧ ਪਿੱਛੋਂ 22 ਦਸੰਬਰ 1752 ਜੂਲੀਅਨ ਤਬਦੀਲ

ਹੋ ਕੇ 2 ਜਨਵਰੀ 1753 ਗੈਰੀਗੋਰੀਅਨ ਬਣ ਗਿਆ। 1753 ਤੋਂ 2003 ਤੱਕ ਦੇ 250 ਸਾਲਾਂ ਵਿਚ ਉਸੇ ਹਿਸਾਬ ਬਿਕ੍ਰਮੀ ਤੇ ਈਸਵੀ ਸੰਨ ਦੀਆਂ ਤਾਰੀਖਾਂ ਵਿਚ 3 ਦਿਨਾਂ ਦਾ ਹੋਰ ਫ਼ਰਕ ਪੈ ਕੇ ਇਹ 5 ਜਨਵਰੀ ਹੋ ਗਿਆ ਤਾਂ ਇਸ ਨਾਲ ਇਤਿਹਾਸ ਕਿਵੇਂ ਬਦਲ ਗਿਆ ? ਕਿਉਂਕਿ 23 ਪੋਹ ਤਾਂ ਇਤਿਹਾਸ ਮੁਤਾਬਕ ਬਿਲਕੁਲ ਠੀਕ ਰੱਖੀ ਗਈ ਹੈ ਪਰ ਜੇ ਇਹ ਨਾਨਕਸ਼ਾਹੀ ਕੈਲੰਡਰ ਦੇ ਰੂਪ ਵਿਚ ਸੋਧ ਕਰਨ ਉਪ੍ਰੰਤ ਸਦਾ ਲਈ 5 ਜਨਵਰੀ ਨੂੰ ਆਉਣ ਲੱਗ ਪਈ ਤਾਂ ਇਤਿਹਾਸ ਮਿਥਿਹਾਸ ਕਿਵੇਂ ਬਣ ਗਿਆ ? ਇਹ ਬੀਬੀ ਅਮਰਜੀਤ ਕੌਰ ਜਾਂ ਉਸ ਦਾ ਲੇਖ ਛਾਪ ਕੇ ਵੰਡਣ ਵਾਲੇ ਸੰਤ ਸਮਾਜ ਦੇ ਵਿਦਵਾਨ ਆਗੂ ਹੀ ਦੱਸ ਸਕਦੇ ਹਨ !

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤਾਰੀਖ ਗਣਿਤ ਵਿਦਿਆ ਨਾਲ 5 ਜਨਵਰੀ ਬਣਾਉਣ ਦੀ ਵਿਰੋਧਤਾ ਕਰਦੀ ਹੋਈ ਪੰਨਾ 17 ’ਤੇ ਬੀਬੀ ਅਮਰਜੀਤ ਕੌਰ ਜੀ ਲਿਖ ਰਹੀ ਹੈ : ‘ਇੱਥੇ ਇੱਕ ਬਹੁਤ ਵੱਡਾ ਭੁਲੇਖਾ ਪਾਇਆ ਜਾ ਰਿਹਾ ਹੈ। ਜੇ 11 ਨਵੰਬਰ 1675 ਜੂਲੀਅਨ ਸਾਲ ਹੈ ਤਾਂ ਇਸ ਨੂੰ ਗੈਰੀਗੋਰੀਅਨ ਸਾਲ ਵਿਚ ਬਦਲਣ ਵਾਸਤੇ 10 ਦਿਨ ਹੀ ਜੋੜਨੇ ਬਣਦੇ ਹਨ। ਇਸ ਅਨੁਸਾਰ ਇਹ 21 ਨਵੰਬਰ ਬਣਦਾ ਹੈ। ਏਸੇ ਤਰ੍ਹਾਂ 22 ਦਸੰਬਰ 1666 ਜੂਲੀਅਨ ਬਦਲ ਕੇ 1 ਜਨਵਰੀ 1667 ਈ: ਬਣਦਾ ਹੈ। ਇਹ 24 ਨਵੰਬਰ ਜਾਂ 5 ਜਨਵਰੀ ਗਣਿਤ ਵਿਦਿਆ ਅਨੁਸਾਰ ਬਣਾਉਣੇ ਹੀ ਗ਼ਲਤ ਹਨ। ਬੀਬੀ ਜੀ ਦੇ ਗਿਆਨ ਦੇ ਪੱਧਰ ਦਾ ਇੱਥੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਨੂੰ ਇਹ ਚੇਤਾ ਹੀ ਨਹੀ ਆ ਰਿਹਾ ਕਿ 10 ਦਿਨ ਦੀ ਸੋਧ 1582 ਵਿਚ ਹੋਈ ਸੀ ਜਦੋਂ ਕਿ ਇਸ ਤੋਂ ਪਿੱਛੋਂ ਇੰਗਲੈਂਡ ਨੇ 1752 ਵਿਚ ਇਸ ਸੋਧ ਨੂੰ ਲਾਗੂ ਕੀਤਾ ਸੀ ਤਾਂ ਇਸ ਵਿਚ 11 ਦਿਨ ਦੇ ਵਾਧੇ ਦੀ ਸੋਧ ਕੀਤੀ ਗਈ ਸੀ। ਭਾਰਤ ਵਿਚ ਵੀ ਇਹ ਸੋਧ ਇੰਗਲੈਂਡ ਵੱਲੋਂ ਲਾਗੂ ਕਰਨ ਉਪ੍ਰੰਤ ਹੀ ਪ੍ਰਚਲਤ ਹੋਈ ਸੀ। ਜੇ 10 ਦਿਨ ਦੀ ਸੋਧ ਉਪ੍ਰੰਤ 22 ਦਸੰਬਰ 1666 ਨੂੰ 1 ਜਨਵਰੀ 1667 ਬਣਾਉਣਾ ਹੈ ਤਾਂ 2003 ਤੱਕ 336 ਸਾਲ ਦੇ ਵਕਫੇ ਵਿਚ 4 ਦਿਨ ਦਾ ਫ਼ਰਕ ਜੋੜ ਕੇ 5 ਜਨਵਰੀ ਬਣ ਜਾਂਦੀ ਪਰ ਜੇ 22 ਦਸੰਬਰ 1666 ਨੂੰ 1752 ਦੀ 11 ਦਿਨ ਦੀ ਸੋਧ ਉਪ੍ਰੰਤ 2 ਜਨਵਰੀ 1753 ਬਣਾਉਣਾ ਹੈ ਤਾਂ 1753 ਤੋਂ 2003 ਤੱਕ ਦੇ 250 ਸਾਲਾਂ ਵਿਚ 3 ਦਿਨ ਦਾ ਹੋਰ ਫ਼ਰਕ ਪੈ ਕੇ 5 ਜਨਵਰੀ ਬਣ ਜਾਂਦਾ ਹੈ।

ਅਸਲ ਵਿਚ ਸੰਤ ਸਮਾਜ ਦਾ ਰੋਣਾ ਇਤਿਹਾਸ ਨੂੰ ਮਿਥਿਹਾਸ ਵਿਚ ਬਦਲਣ ਦਾ ਨਹੀਂ, ਨਾ ਹੀ ਉਨ੍ਹਾਂ ਨੂੰ ਇਸ ਸਬੰਧ ਵਿਚ ਕੋਈ ਸੋਝੀ ਹੈ। ਅਸਲ ਵਿਚ ਉਨ੍ਹਾਂ ਦਾ ਝੁਕਾਅ ਸੰਤ ਸਮਾਜ ਅਤੇ ਹਿੰਦੂ ਸਮਾਜ ਵੱਲੋਂ ਪਵਿੱਤਰ ਦਿਹਾੜੇ ਜਾਣ ਕੇ ਸੰਗ੍ਰਾਂਦਾਂ, ਪੁੰਨਿਆਂ, ਮੱਸਿਆ ਮਨਾਉਣ ਦੇ ਬਹਾਨੇ ਸੂਰਜ, ਚੰਦ ਦੀ ਪੂਜਾ ਕਰਨਾ ਹੈ ਜਿਸ ਦਾ ਜਿਕਰ ਬੀਬੀ ਜੀ ਕਿਤਾਬਚੇ ਦੇ ਮੁੱਖ ਬੰਦ ਤੋਂ ਇਲਾਵਾ ਲੇਖ ਵਿਚ



ਵਾਰ ਵਾਰ ਕਰ ਚੁੱਕੀ ਹੈ। ਸੰਗ੍ਰਾਂਦਾਂ, ਪੁੰਨਿਆਂ, ਮੱਸਿਆ ਨਾਲ ਇੰਨਾ ਪ੍ਰੇਮ ਰੱਖਣ ਵਾਲੀ ਬੀਬੀ ਜੀ, ਕੀ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕੋਈ ਐਸੀ ਉਦਾਹਰਣ ਦੇ ਸਕਦੀ ਹੈ ਜਿਥੇ ਇਨ੍ਹਾਂ ਦਿਨਾਂ ਨੂੰ ਪਵਿੱਤਰ ਕਿਹਾ ਗਿਆ ਹੋਵੇ ਜਾਂ ਧਾਰਮਿਕ ਦਿਹਾੜੇ ਚੰਦਰਮਾ ਦੀਆਂ ਤਿੱਥਾਂ ਅਨੁਸਾਰ ਮਨਾਉਣ ਦੀ ਹਦਾਇਤ ਕੀਤੀ ਹੋਵੇ। ਗੁਰਬਾਣੀ ਵਿਚ ਤਾਂ ਸਗੋਂ ਇਨ੍ਹਾਂ ਤਿੱਥਾਂ ਪੂਜਣ ਵਾਲਿਆਂ ਨੂੰ ਮੂਰਖ ਗਵਾਰ ਤੱਕ ਕਿਹਾ ਗਿਆ ਹੈ :

ਜੇ ਸਿਰਫ਼ ਆਦਿ ਕਾਲ ਤੋਂ ਰਵਾਇਤ ਦੇ ਕੀਰਨੇ ਪਾਏ ਜਾਣ ਤਾਂ ਰਿਵਾਇਤਾਂ ਤਾਂ ਹੋਰ ਵੀ ਬਹੁਤ ਸਨ ਜਿਨ੍ਹਾਂ ਦਾ ਗੁਰਬਾਣੀ ਵਿਚ ਭਰਵਾਂ ਖੰਡਨ ਕੀਤਾ ਗਿਆ ਹੈ, ਜਿਵੇਂ ਕਿ : ਜਨੇਊ ਪਾਉਣ ਦਾ ਖੰਡਨ, ਸੁੰਨਤ ਕਰਨ ਦਾ ਖੰਡਨ, ਦੀਵੇ ਜਲਾ ਕੇ ਆਰਤੀ ਕਰਨ ਦਾ ਖੰਡਨ, ਖ਼ੁਦਾ ਜਾਂ ਦੇਵੀ ਦੇਵਤਿਆਂ ਦੇ ਨਾਮ ’ਤੇ ਧਰਮ ਅਸਥਾਨਾਂ ਵਿਚ ਜੀਵਾਂ ਦੀ ਬਲੀ ਦੇਣ ਦਾ ਖੰਡਨ, ਪਿੱਤਰਾਂ ਦੇ ਨਮਿਤ ਸ਼ਰਾਧ ਕਰਵਾਉਣ ਦਾ ਖੰਡਨ, ਬੁੱਤਾਂ ਤੇ ਮੂਰਤੀਆਂ ਦੀ ਪੂਜਾ ਕਰਨ ਦਾ ਖੰਡਨ, ਤੀਰਥਾਂ ’ਤੇ ਨਹਾ ਕੇ ਪਾਪ ਧੋਣ ਦੀ ਮਨੌਤ ਦਾ ਖੰਡਨ, ਕਈ ਤਰ੍ਹਾਂ ਦੇ ਬਰਤ ਰੱਖਣ ਦੇ ਖੰਡਨਾਂ ਸਮੇਤ ਅਨੇਕਾਂ ਹੋਰ ਤਰ੍ਹਾਂ ਦੇ ਧਾਰਮਿਕ ਕਰਮਕਾਂਡ ਅਤੇ ਵਹਿਮਾਂ ਭਰਮਾਂ ਆਦਿਕ ਦਾ ਖੰਡਨ ਕੀਤਾ ਗਿਆ ਹੈ। ਵੇਖਿਆ ਜਾਵੇ ਤਾਂ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਨ ਵਾਲਿਆਂ ਵਿਚ ਉਹ ਲੋਕ ਹੀ ਸ਼ਾਮਲ ਹਨ ਜੋ ਗੁਰਬਾਣੀ ਅਨੁਸਾਰ ਉਪ੍ਰੋਕਤ ਵਰਜਿਤ ਸਾਰੇ ਹੀ ਕਰਮ ਕਾਂਡ ਕਿਸੇ ਨਾ ਕਿਸੇ ਰੂਪ ਵਿਚ ਕਰੀ ਜਾ ਰਹੇ ਹਨ; ਜਿਨ੍ਹਾਂ ਵਿੱਚੋਂ ਸਭ ਤੋਂ ਮੋਢੀ ਤਖ਼ਤ ਸ੍ਰੀ ਹਜੂਰ ਸਾਹਿਬ ਦੇ ਪੁਜਾਰੀ ਹਨ ਜੋ ਆਰਤੀ ਕਰਨ ਤੋਂ ਇਲਾਵਾ ਬੱਕਰਿਆਂ ਦੀ ਬਲੀ ਦੇ ਕੇ ਉਨ੍ਹਾਂ ਦੇ ਖ਼ੂਨ ਦੇ ਟਿੱਕੇ ਗੁਰੂ ਸਾਹਿਬ ਦੇ ਸ਼ਸ਼ਤਰਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਾ ਕੇ ਗੁਰੂ ਸਾਹਿਬ ਜੀ ਦੇ ਸਿਧਾਂਤ ਦਾ ਖੰਡਨ ਹਰ ਰੋਜ਼ ਹੀ ਕਰ ਰਹੇ ਹਨ। ਹੋਰ ਤਾਂ ਹੋਰ ਨਨਾਕਸ਼ਾਹੀ ਕੈਲੰਡਰ ਦੇ ਵਿਰੋਧੀ ਸਾਰੇ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬਚਿੱਤਰ ਨਾਟਕ ਨਾਮੀ ਪੁਸਤਕ (ਨੂੰ ਦਸਮ ਗ੍ਰੰਥ ਦਾ ਨਾਮ ਦੇ ਕੇ ਉਸ) ਦਾ ਪ੍ਰਕਾਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਹੁਕਮ: ‘ਸਭ ਸਿੱਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ਦੀ ਵੀ ਸ਼ਰੇਆਮ ਉਲੰਘਣਾਂ ਕਰ ਰਹੇ ਹਨ। ਇਨ੍ਹਾਂ ਵਿਅਕਤੀਆਂ ਲਈ ਜੇ ਗੁਰੂ ਸਾਹਿਬ ਜੀ ਦਾ ਬਚਨ ‘**ਕੂੜੇ ਮੂਰਖ ਕੀ ਹਾਠੀਸਾ॥ ੧॥ ਰਹਾਉ॥**’ (**ਸੂਹੀ ਮ: ੫, ਪੰਨਾ ੭੩੮**) ਵਰਤ ਲਿਆ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ।

ਕਿਤਾਬਚੇ ਦੇ ਪੰਨਾ ਨੰ : 14 ਅਤੇ 25 ’ਤੇ ਬੀਬੀ ਜੀ ਲਿਖ ਰਹੀ ਹੈ : ‘ਸੋ ਸਿੱਧ ਹੋਇਆ ਕਿ ਗੈਰੀਗੋਰੀਅਨ ਕੈਲੰਡਰ ਇੱਕ ਸਿਵਲ ਕੈਲੰਡਰ ਦੇ ਤੌਰ ’ਤੇ ਹਰਮਨ ਪਿਆਰਾ ਹੋ ਗਿਆ। ਹੁਣ ਇੰਗਲੈਂਡ ਜੋ ਪ੍ਰੋਟੈਸਟੈਂਟ ਸੀ ਅਤੇ ਇਸ ਨੂੰ

ਆਪਣੇ 'ਤੇ ਲਾਗੂ ਨਹੀਂ ਸੀ ਕਰਨਾ ਚਾਹੁੰਦਾ, ਉਸ ਨੂੰ ਦੂਜੇ ਦੇਸ਼ਾਂ ਨਾਲ ਵਾਪਾਰ ਤੇ ਸੰਚਾਰ ਵਿਚ ਬਹੁਤ ਵੱਡੀ ਮੁਸ਼ਕਲ ਬਣ ਗਈ। ਅਖੀਰ ਵਿਚ ਇਸ ਮੁਸ਼ਕਲ ਨੂੰ ਹੱਲ ਕਰਨ ਵਾਸਤੇ ਬ੍ਰਿਟਿਸ਼ ਕੈਲੰਡਰ ਐਕਟ 1751 ਅਨੁਸਾਰ ਉਸ ਨੇ 2 ਸਤੰਬਰ 1752 ਵਿਚ ਕੁਲ 11 ਦਿਨਾਂ ਦਾ ਫ਼ਰਕ ਕੱਢ ਕੇ ਇਸਨੂੰ ਅਪਣਾ ਲਿਆ ਭਾਵ 3 ਸਤੰਬਰ ਨੂੰ ਸਿੱਧਾ ਹੀ 14 ਸਤੰਬਰ 1752 ਐਲਾਨ ਦਿੱਤਾ। ਆਪਣੀ ਗੱਲ ਨੂੰ ਜਾਰੀ ਰੱਖਦੀ ਹੋਈ ਅੱਗੇ ਪੰਨਾ 15 'ਤੇ ਬੀਬੀ ਜੀ ਲਿਖ ਰਹੀ ਹੈ : 'ਸਪੱਸ਼ਟ ਹੈ ਇਸ ਤਬਦੀਲੀ ਨਾਲ ਹਫ਼ਤੇ ਦੇ ਦਿਨਾਂ ਵਿਚ ਗੜਬੜ ਹੋ ਗਈ। 2 ਤਰੀਕ ਨੂੰ ਬੁੱਧਵਾਰ ਅਤੇ 14 ਨੂੰ ਵੀਰਵਾਰ ਆ ਗਿਆ ਜਦੋਂ ਕਿ ਹਫ਼ਤੇ ਦੇ ਨਿਯਮ ਮੁਤਾਬਕ 14 ਨੂੰ ਸੋਮਵਾਰ ਹੋਣਾ ਚਾਹੀਦਾ ਸੀ। ਇਹ ਇਸ ਕੈਲੰਡਰ ਦਾ ਸਭ ਤੋਂ ਵੱਡਾ ਦੋਸ਼ ਹੈ।' ਪੰਨਾ 16 'ਤੇ ਲਿਖ ਰਹੀ ਹੈ ਜਦੋਂ ਸਿੱਖ ਇਤਿਹਾਸ ਦੀਆਂ ਤਰੀਕਾਂ ਦਾ ਤਬਾਦਲਾ ਪੁਰੇਵਾਲ ਅਨੁਸਾਰ ਗੈਰੀਗੋਰੀਅਨ ਕੈਲੰਡਰ ਵਿਚ ਹੋਏਗਾ ਉਹ ਕਿਸੇ ਵੀ ਹਾਲਤ ਵਿਚ ਸ਼ੁੱਧ ਨਹੀਂ ਹੋ ਸਕਦੀਆਂ ਸਿਵਾਏ ਇੱਕ ਮਿੱਥ ਤੋਂ।'

(ਵਾਰੇ ਵਾਰੇ ਜਾਈਏ ਬੀਬੀ ਜੀ ਦੇ ਕੈਲੰਡਰ ਗਿਆਨ ਤੋਂ। ਕੀ ਉਸ ਨੂੰ ਨਹੀਂ ਪਤਾ ਕਿ ਹਫ਼ਤੇ ਦੇ ਦਿਨ ਆਪਣੀ ਤਰਤੀਬ ਅਨੁਸਾਰ ਚਲਦੇ ਰਹੇ ਪਰ ਜੂਲੀਅਨ ਸਾਲ ਦੀ ਲੰਬਾਈ ਮੌਸਮੀ ਸਾਲ ਤੋਂ ਤਕਰੀਬਨ 11 ਮਿੰਟ ਵੱਧ ਹੋਣ ਕਰਕੇ 1752 ਤੱਕ ਇਸ ਦੀਆਂ ਤਾਰੀਖਾਂ 10 ਦਿਨ ਅੱਗੇ ਨਿਕਲ ਗਈਆਂ। ਇਸ ਲਈ ਸੋਧ ਸਿਰਫ਼ ਤਾਰੀਖਾਂ 'ਚ ਹੋਣੀ ਸੀ ਹਫ਼ਤੇ ਦੇ ਦਿਨਾਂ ਦੀ ਨਹੀਂ। ਮੰਨ ਲੈਂਦੇ ਹਾਂ ਕਿ ਬੀਬੀ ਜੀ ਇਸ ਸੋਧ ਨਾਲ ਹਫ਼ਤੇ ਦੇ ਦਿਨਾਂ ਵਿਚ ਗੜਬੜ ਹੋਈ ਸਮਝਦੀ ਹੈ ਤਾਂ ਉਹ ਆਪਣੇ ਹਰਮਨ ਪਿਆਰੇ ਤੇ ਸਭ ਤੋਂ ਸ਼ੁੱਧ ਮੰਨੇ ਕੈਲੰਡਰ ਦਾ ਹਾਲ ਤਾਂ ਵੇਖ ਲਵੇ। ਉਸ ਵਿਚ ਤਾਂ ਚੰਦਰਮਾ ਮਹੀਨੇ ਦੀ ਲੰਬਾਈ 29.530587946 ਭਾਵ 29 ਦਿਨ 12 ਘੰਟੇ 44 ਮਿੰਟ 2.8 ਸੈਕੰਡ ਹੋਣ ਕਰਕੇ ਹਰ ਮਹੀਨੇ ਹੀ 1 ਤਿੱਥ ਖ਼ਤਮ ਕਰਕੇ ਇੱਕੋ ਦਿਨ ਦੋ ਤਿੱਥਾਂ ਆ ਜਾਂਦੀਆਂ ਹਨ, ਜਿਵੇਂ ਕਿ 21 ਜੁਲਾਈ 6 ਸਾਵਣ ਦਿਨ ਐਤਵਾਰ ਨੂੰ ਹਾੜ ਸੁਦੀ 13 ਅਤੇ ਹਾੜ ਸੁਦੀ 14 ਦੋਵੇਂ ਤਿੱਥਾਂ ਇੱਕੋ ਹੀ ਦਿਨ ਆ ਗਈਆਂ ਭਾਵ ਇੱਕ ਤਿੱਥ ਖ਼ਤਮ ਹੋ ਗਈ। ਹੋਰ ਹੈਰਾਨ ਹੋਵੋਗੇ ਕਿ ਸਾਢੇ 29 ਦਿਨਾਂ ਤੋਂ ਉਪਰਲੇ 44 ਮਿੰਟ 2.8 ਸੈਕੰਡ ਦਾ ਵਾਧਾ ਘਾਟਾ ਪੂਰਾ ਕਰਕੇ ਇਸੇ ਮਹੀਨੇ 'ਚ 5 ਜੁਲਾਈ 22 ਹਾੜ ਦਿਨ ਸ਼ੁੱਕਰਵਾਰ ਨੂੰ ਵੀ ਹਾੜ ਵਦੀ 13 ਸੀ ਅਤੇ ਅਗਲੇ ਦਿਨ 6 ਜੁਲਾਈ 23 ਹਾੜ ਦਿਨ ਸ਼ਨੀਵਾਰ ਨੂੰ ਵੀ ਓਹੀ ਤਿੱਥ ਹਾੜ ਵਦੀ 13 ਸੀ। ਬੀਬੀ ਜੀ ਲਈ ਸਵਾਲ ਹੈ ਕਿ ਉਹ ਦੱਸੇ ਕਿ ਕੀ ਇਸ ਨਾਲ ਹਫ਼ਤੇ ਦੇ ਦਿਨਾਂ ਦੀ ਤਰਤੀਬ ਨਹੀਂ ਵਿਗੜੀ? ਦੂਜਾ ਸਵਾਲ ਹੈ ਕਿ ਜੇ ਕਿਸੇ ਗੁਰਪੁਰਬ ਦੀ ਅਸਲੀ ਤਿੱਥ ਖ਼ਤਮ ਹੋ ਜਾਵੇ ਤਾਂ ਗੁਰਪੁਰਬ ਕਿਹੜੀ ਤਿੱਥ ਨੂੰ ਮਨਾਈਏ? ਅਤੇ ਜੇ ਗੁਰਪੁਰਬ ਵਾਲੀ ਤਿੱਥ ਲਗਾਤਾਰ



ਦੋ ਦਿਨ ਆ ਜਾਵੇ ਤਾਂ ਗੁਰਪੁਰਬ ਕਿਹੜੀ ਤਿੱਥ ਨੂੰ ਮਨਾਈਏ?

ਇਹ ਗੋਰਖ ਧੰਦਾ ਇੱਥੇ ਹੀ ਖ਼ਤਮ ਨਹੀਂ ਹੁੰਦਾ। ਕਿਤਾਬਚੇ ਦੇ ਪੰਨਾ ਨੰ : 32 'ਤੇ ਬੀਬੀ ਜੀ ਖ਼ੁਦ ਲਿਖ ਰਹੀ ਹੈ : 'ਜਿਸ ਮਹੀਨੇ ਵਿਚ ਰਾਸ਼ੀ ਪਰਿਵਰਤਨ ਨਹੀਂ ਹੁੰਦਾ ਉਸ ਨੂੰ ਖਗੋਲ ਜਾਂ ਤਾਰਾ ਵਿਗਿਆਨੀ ਅਧਿਕ ਮਹੀਨਾ ਜਾਂ ਵਾਧੂ ਮਹੀਨੇ ਦਾ ਨਾਮ ਦਿੰਦੇ ਹਨ। ਇਸ ਤਰ੍ਹਾਂ ਇਹ ਬਾਰ੍ਹਾਂ ਦੀ ਥਾਂ ਚੰਦਰ ਸਾਲ ਦੇ ਤੇਰ੍ਹਾਂ ਮਹੀਨੇ ਬਣ ਜਾਂਦੇ ਹਨ। ਇਸੇ ਤਰ੍ਹਾਂ ਕੁਦਰਤ ਦੇ ਵਿਧਾਨ ਅਨੁਸਾਰ ਕਦੇ ਸੂਰਜ ਕਿਸੇ ਇੱਕ ਮਹੀਨੇ ਵਿਚ ਦੋ ਵਾਰੀ ਰਾਸ਼ੀ ਪਰਿਵਰਤਨ ਕਰ ਲੈਂਦਾ ਹੈ, ਇਸ ਮਹੀਨੇ ਨੂੰ ਵਿਗਿਆਨੀ ਕਸ਼ਿਆ ਜਾਂ ਘਟਿਆ ਮਹੀਨਾ ਆਖ ਦਿੰਦੇ ਹਨ। ਇੱਥੇ ਚੰਦਰ ਸਾਲ ਦੇ ਬਾਰ੍ਹਾਂ ਦੀ ਬਜਾਏ ਗਿਆਰਾਂ ਮਹੀਨੇ ਰਹਿ ਜਾਂਦੇ ਹਨ।' ਹੁਣ ਬੀਬੀ ਜੀ ਲਈ ਸਵਾਲ ਹੈ ਕਿ ਜੇ ਇੱਕੋ ਨਾਮ ਦੇ ਦੋ ਮਹੀਨੇ ਆ ਜਾਣ ਤਾਂ ਉਸ ਮਹੀਨੇ ਵਿਚ ਆਉਣ ਵਾਲੇ ਗੁਰਪੁਰਬ ਤੁਸੀਂ ਕਿਹੜੇ ਮਹੀਨੇ ਵਿਚ ਮਨਾਓਗੇ ਅਤੇ ਕਿਉਂ? ਜੇ ਕਿਸੇ ਸਾਲ ਇੱਕ ਮਹੀਨਾ ਹੀ ਖ਼ਤਮ ਹੋ ਗਿਆ ਤਾਂ ਉਸ ਮਹੀਨੇ ਵਿਚ ਆਉਣ ਵਾਲੇ ਗੁਰਪੁਰਬ ਕਿਹੜੇ ਮਹੀਨੇ ਵਿਚ ਮਨਾਓਗੇ ਅਤੇ ਕਿਉਂ?

ਸ: ਪੁਰੇਵਾਲ ਵੱਲੋਂ ਤਿਆਰ ਕੀਤਾ ਨਾਨਕਸ਼ਾਹੀ ਕੈਲੰਡਰ ਤਾਂ ਕੈਲੰਡਰ ਦਾ ਸਾਧਾਰਨ ਗਿਆਨ ਰੱਖਣ ਵਾਲਾ ਮਨੁੱਖ ਵੀ ਥੋਹੜੇ ਹੀ ਸਮੇਂ ਵਿਚ ਆਉਣ ਵਾਲੇ 1000 ਸਾਲ ਦਾ ਕੈਲੰਡਰ ਬਣਾ ਸਕਦਾ ਹੈ ਪਰ ਤੁਸੀਂ ਦੱਸੋ ਕਿ ਕੀ ਤੁਸੀਂ ਬਿਕ੍ਰਮੀ ਕੈਲੰਡਰ ਅਨੁਸਾਰ ਆਉਣ ਵਾਲੇ ਸਾਲ ਦਾ ਕੈਲੰਡਰ ਵੀ ਆਪ ਬਣਾ ਸਕਦੇ ਹੋ ਜਾਂ ਬ੍ਰਾਹਮਣ 'ਤੇ ਟੇਕ ਰੱਖੋਗੇ ਕਿ ਜਦੋਂ ਉਸ ਨੇ ਕੈਲੰਡਰ ਬਣਾਇਆ ਤਾਂ ਉਸ ਨੂੰ ਵੇਖ ਕੇ ਬਣਾਓਗੇ? ਗੁਰੂ ਗ੍ਰੰਥ ਸਾਹਿਬ ਜੀ ਤਾਂ ਪੁਕਾਰ ਪੁਕਾਰ ਕੇ ਕਹਿ ਰਹੇ ਹਨ : **'ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥੩॥'** (**ਕਬੀਰ ਜੀਉ, ਪੰਨਾ ੧੧੫੯**) ਪਰ ਜੇ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਵਾਲੇ ਵੀ ਪੰਡਿਤਾਂ ਤੋਂ ਪੁੱਛੇ ਬਿਨਾਂ ਕੁਝ ਨਹੀਂ ਕਰ ਸਕਦੇ ਤਾਂ ਦੱਸੋ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਹੋ, ਜਾਂ ਪੰਡਿਤਾਂ ਦੇ?

ਇਸ ਕਿਤਾਬਚੇ ਦੀ ਭੂਮਿਕਾ ਵਿਚ ਤਰਦੀਪ ਸਿੰਘ ਜੀ ਲਿਖ ਰਹੇ ਹਨ : 'ਜਿਵੇਂ ਅਕਾਲੀ ਰਾਜਨੀਤਕ ਲੋਕ ਆਪਣੇ ਹਰ ਵਿਰੋਧੀ ਨੂੰ ਕਾਂਗਰਸੀ ਗਰਦਾਨਦੇ ਹਨ, ਉਨ੍ਹਾਂ ਹੀ ਪਦ ਚਿੰਨ੍ਹਾਂ 'ਤੇ ਚਲਦੇ ਹੋਏ ਸਾਡੇ ਅਨਪੜ੍ਹ ਅ-ਵਿਗਿਆਨਕ ਅਗਾਂਹ-ਵਧੂ ਅਖੌਤੀ ਮਿਸ਼ਨਰੀ ਆਪਣੇ ਹਰ ਵਿਚਾਰਧਾਰਕ ਵਿਰੋਧੀ ਨੂੰ ਆਰ.ਐੱਸ.ਐੱਸ. ਦਾ ਏਜੰਟ ਗਰਦਾਨਦੇ ਹਨ। ਅਜਿਹੇ ਸਿਧਾਂਤ ਵਿਹੂਣੇ ਅਤੇ ਧਾਰਮਿਕ ਰਹੁਰੀਤਾਂ ਤੋਂ ਸੱਖਣੇ ਅਨਸਰਾਂ ਨੂੰ ਜਵਾਬ ਦੇਣ ਲਈ ਅਸੀਂ ਇਸ ਕਿਤਾਬਚੇ ਦਾ ਅਜਿਹਾ ਨਾਮ ਰੱਖਣ ਲਈ ਮਜਬੂਰ ਹੋਏ ਹਾਂ। ਸ: ਤਰਦੀਪ ਸਿੰਘ ਜੀ ਅਤੇ ਸੰਤ ਸਮਾਜ ਸਮੇਤ ਇਸ ਦੇ ਹੋਰ ਸਾਥੀ ਦੱਸਣ ਕਿ ਜੇ ਤੁਸੀਂ ਆਪਣਾ ਕੈਲੰਡਰ ਬਣਾਉਣ ਲਈ

ਵੀ ਪੰਡਿਤਾਂ 'ਤੇ ਨਿਰਭਰ। ਬ੍ਰਾਹਮਣ ਵੱਲੋਂ ਲੋਕਾਂ ਦੀ ਲੁੱਟ ਕਰਨ ਲਈ ਪ੍ਰਚਾਰੇ ਗਏ ਵਹਿਮ ਭਰਮ ਤੇ ਕਰਮਕਾਂਡ ਵੀ ਛੱਡਣ ਲਈ ਤਿਆਰ ਨਹੀਂ; ਤਾਂ ਤੁਹਾਨੂੰ ਆਰ.ਐੱਸ.ਐੱਸ. ਦੇ ਏਜੰਟ ਨਾ ਆਖਿਆ ਜਾਵੇ ਤਾਂ ਹੋਰ ਕੀ ਆਖੀਏ? ਅਸਲ ਵਿਚ ਰਾਜਾ ਭਰਥਰ ਹਰੀ ਦਾ ਵੈਰਾਗ ਸ਼ਤਕ ਵਿਚ ਲਿਖਿਆ ਇੱਕ ਸ਼ਲੋਕ ਹੈ। ਜਿਸ ਦੇ ਅਰਥ ਇਉਂ ਹਨ : ਇਸ ਦੁਨੀਆਂ ਵਿਚ ਤਿੰਨ ਤਰ੍ਹਾਂ ਦੇ ਇਨਸਾਨ ਹਨ :

1. ਜਿਸ ਨੂੰ ਕੋਈ ਵੀ ਗਿਆਨ ਨਹੀਂ। – ਇਸ ਕਿਸਮ ਦੇ ਇਨਸਾਨਾਂ ਨੂੰ ਗਿਆਨ ਦੇ ਕੇ ਕੁਝ ਸਮਝਾਇਆ ਜਾ ਸਕਦਾ ਹੈ।

2. ਜਿਸ ਨੂੰ ਗਿਆਨ ਹੈ। – ਵਿਰੋਧੀ ਮੱਤ ਵਾਲੇ ਐਸੇ ਗਿਆਨਵਾਨ ਮਨੁੱਖ ਨੂੰ ਵੀ ਦਲੀਲਾਂ ਦੇ ਕੇ ਆਪਣੀ ਗੱਲ ਸਮਝਾਈ ਜਾ ਸਕਦੀ ਹੈ।

3. ਅਲਪ ਗਿਆਨ ਵਾਲੇ। – ਐਸੇ ਅਲਪ ਗਿਆਨ ਵਾਲੇ ਨੂੰ ਤਾਂ ਸਮਝਾਉਣਾ ਸਿਰਫ਼ ਔਖਾ ਹੀ ਨਹੀਂ ਬਲਕਿ ਅਸੰਭਵ ਹੀ ਹੁੰਦਾ ਹੈ।

ਹੁਣ ਜੇ ਸਃ ਤਰਦੀਪ ਸਿੰਘ, ਕਸ਼ਮੀਰ ਸਿੰਘ, ਬੀਬੀ ਅਮਰਜੀਤ ਕੌਰ ਅਤੇ ਉਨ੍ਹਾਂ ਦੇ ਪ੍ਰੋਮੋਟਰ ਸੰਤ ਸਮਾਜ ਦੇ ਆਗੂ ਆਪਣੇ ਆਪ ਨੂੰ ਅਲਪ ਮੱਤ ਦੇ ਨਹੀਂ ਬਲਕਿ ਉੱਚ ਕੋਟੀ ਦੇ ਗਿਆਨਵਾਨ ਸਮਝਦੇ ਹਨ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਉਹ ਜ਼ਰੂਰ ਹੀ ਆਰ.ਐੱਸ.ਐੱਸ. ਦੇ ਏਜੰਟ ਹਨ।)

ਅਖੀਰ ਵਿਚ ਮੈਂ ਇਹੋ ਕਹਿਣਾ ਚਾਹਾਂਗਾ ਕਿ ਜਿਸ ਤਰ੍ਹਾਂ ਜੂਲੀਅਨ ਕੈਲੰਡਰ ਵਿਚ 1582 ਵਿਚ ਕੀਤੀਆਂ ਸੋਧਾਂ ਪ੍ਰੋਟੈਸਟੈਂਟ ਈਸਾਈ ਜਗਤ ਨੂੰ ਆਖ਼ਰ 170 ਸਾਲ ਬਾਦ 1752 ਵਿਚ ਮੰਨਣੀਆਂ ਹੀ ਪਈਆਂ ਉਸੇ ਤਰ੍ਹਾਂ ਜਦੋਂ ਵੀ ਨਾਨਕਸ਼ਾਹੀ ਕੈਲੰਡਰ ਦੇ ਅੱਜ ਦੇ ਵਿਰੋਧੀਆਂ ਨੂੰ ਗੁਰੂ ਸਾਹਿਬ ਨੇ ਮੱਤ ਬਖ਼ਸ਼ੀ ਉਦੋਂ ਆਖ਼ਰ ਇਨ੍ਹਾਂ ਨੂੰ ਨਾਨਕਸ਼ਾਹੀ ਕੈਲੰਡਰ ਮੰਨਣਾ ਹੀ ਪੈਣਾ ਹੈ। ਆਓ ਸਾਰੇ ਰਲ ਕੇ ਅਰਦਾਸ ਕਰੀਏ ਕਿ ਗੁਰੂ ਗ੍ਰੰਥ ਸਾਹਿਬ ਜੀ ਇਨ੍ਹਾਂ ਭੁੱਲਿਆਂ ਨੂੰ ਸੁਮੱਤ ਬਖ਼ਸ਼ੇ।

* * * * *



# ਗਿਆਨੀ ਗੁਰਬਚਨ ਸਿੰਘ ਲਈ ਅਕਾਲ ਤਖ਼ਤ ਸਾਹਿਬ ਦਾ ਰੁਤਬਾ ਤੇ ਸਤਿਕਾਰ ਬਹਾਲ ਕਰਵਾਉਣ ਲਈ ਪਰਖ ਦੀ ਘੜੀ

*—ਕਿਰਪਾਲ ਸਿੰਘ ਬਠਿੰਡਾ*

ਧਰਮ ਮਨੁੱਖ ਨੂੰ ਜੀਵਨ ਜਾਂਚ ਸਿਖਾਉਂਦਾ ਹੈ ਪਰ ਪੁਰਾਤਨ ਸਮੇਂ ਤੋਂ ਅੱਜ ਤੱਕ, ਮੌਕੇ ਦੇ ਰਾਜਿਆਂ ਅਤੇ ਧਰਮ ਦੀ ਪੁਜਾਰੀ ਸ਼੍ਰੇਣੀ ਦੇ ਗੱਠਜੋੜ ਨੇ ਧਰਮ ਤੋਂ ਜੀਵਨ ਜਾਂਚ ਸਿੱਖਣ ਦੀ ਵਜਾਏ ਮਿਹਨਤਕਸ਼ ਲੋਕਾਂ ਦੀ ਆਰਥਕ ਲੁੱਟ ਕਰਨ ਲਈ ਇਸ ਨੂੰ ਕਰਮਕਾਂਡਾਂ ਦੀਆਂ ਰਸਮਾਂ ਨਿਭਾਉਣ ਅਤੇ ਇਸ ਲੁੱਟ ਵਿਰੁੱਧ ਬਗਾਵਤ ਨੂੰ ਦਬਾਉਣ ਲਈ ਜਾਗਰੂਕ ਲੋਕਾਂ ਦੀ ਅਵਾਜ਼ ਬੰਦ ਕਰਵਾਉਣ ਵਾਸਤੇ ਉਨ੍ਹਾਂ ਵਿਰੁੱਧ ਫਤਵੇ ਜਾਰੀ ਕਰਨ ਲਈ ਹੀ ਵਰਤਿਆ ਹੈ। ਧਰਮ ਗੁਰੂ ਬ੍ਰਾਹਮਣ ਨੇ ਤਤਕਾਲੀ ਰਾਜਿਆਂ ਨੂੰ ਰੱਬ ਦੇ ਅਵਤਾਰ ਵਜੋਂ ਪੇਸ਼ ਕੀਤਾ (ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਇਸ ਦੀਆਂ ਉੱਘੀਆਂ ਉਦਾਹਰਣਾਂ ਹਨ) ਅਤੇ ਰਾਜਿਆਂ ਨੇ ਬ੍ਰਾਹਮਣ ਨੂੰ ਦੇਵਤਿਆਂ ਵਜੋਂ ਪ੍ਰਵਾਨ ਕਰਕੇ ਉਨ੍ਹਾਂ ਨੂੰ ਰਾਜ ਪ੍ਰੋਹਿਤ ਦੀਆਂ ਪਦਵੀਆਂ 'ਤੇ ਨਿਯੁਕਤ ਕਰਕੇ ਮਾਨ ਸਨਮਾਨ ਦਿੱਤਾ। ਧਰਮ ਗੁਰੂ ਦੇ ਕਹਿਣ 'ਤੇ ਜਿਸ ਰਾਜੇ ਨੂੰ ਭਗਵਾਨ ਜਾਂ ਵਿਸ਼ਨੂੰ ਦਾ ਅਵਤਾਰ ਮੰਨ ਲਿਆ ਜਾਵੇ ਉਸ ਵੱਲੋਂ ਮਿਹਨਤਕਸ਼ ਗਰੀਬ ਲੋਕਾਂ ਤੋਂ ਟੈਕਸਾਂ ਰਾਹੀਂ ਕੀਤੀ ਜਾ ਰਹੀ ਆਰਥਕ ਲੁੱਟ ਕਰਨ/ ਜ਼ਬਰੀ ਟੈਕਸ ਉਗਰਾਹੁਣ ਅਤੇ ਬਗਾਵਤ ਨੂੰ ਦਬਾਉਣ ਲਈ ਕੀਤੇ ਜ਼ੁਲਮਾਂ ਵਿਰੁੱਧ ਬੋਲਣ ਵਾਲੇ ਨੂੰ ਰੱਬੀ ਹੁਕਮ ਦਾ ਵਿਰੋਧ ਸਮਝਿਆ ਜਾਂਦਾ ਸੀ। ਇਸੇ ਤਰ੍ਹਾਂ ਬ੍ਰਾਹਮਣ ਪੁਜਾਰੀ ਨੇ ਮਨੁੱਖ ਦੇ ਦੁਆਲੇ ਪਾਪ–ਪੁੰਨ ਦਾ ਐਸਾ ਜਾਲ ਬੁਣ ਦਿੱਤਾ ਕਿ ਮਨੁੱਖ ਵੱਲੋਂ ਜਾਣੇ ਅਣਜਾਣੇ ਹੋਏ ਪਾਪਾਂ ਦੇ ਅਸਰ ਤੋਂ ਬਚਣ ਅਤੇ ਪੁੰਨ ਦਾ ਫ਼ਲ ਪ੍ਰਾਪਤ ਕਰਨ ਲਈ ਬ੍ਰਾਹਮਣ ਨੇ ਉਨ੍ਹਾਂ ਲਈ ਧਾਰਮਿਕ ਕਰਮ ਕਾਂਡ ਕਰਨ ਦੀਆਂ ਰਸਮਾਂ ਨਿਭਾਉਣ ਦੀ ਜਿੰਮੇਵਾਰੀ ਆਪਣੇ 'ਤੇ ਲੈ ਲਈ ਤੇ ਇਸ ਦੇ ਬਦਲੇ ਵਿਚ ਆਪਣੇ ਜ਼ਜਮਾਨਾਂ ਤੋਂ ਦਖ਼ਸ਼ਣਾਂ ਦੇ ਰੂਪ ਵਿਚ ਧਨ ਪਦਾਰਥ ਲੈ ਕੈ ਉਨ੍ਹਾਂ ਦੀ ਆਰਥਕ ਲੁੱਟ ਕੀਤੀ ਜਾਂਦੀ ਸੀ। ਗੁਰੂ ਨਾਨਕ ਸਾਹਿਬ ਜੀ ਪਹਿਲੇ ਧਾਰਮਕ ਰਹਿਬਰ ਸਨ ਜਿਨ੍ਹਾਂ ਨੇ ਇਸ ਤਰ੍ਹਾਂ ਦੇ ਜੁਲਮ ਕਰਨ ਵਾਲੇ ਰਾਜਿਆਂ ਅਤੇ ਪਾਖੰਡੀ ਧਾਰਮਿਕ ਆਗੂਆਂ ਵਿਰੁੱਧ ਅਵਾਜ਼ ਉਠਾਉਂਦੇ ਹੋਏ ਬਚਨ ਉਚਾਰਣ ਕੀਤੇ :

**'ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥ ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥'** (ਮਃ ੧, ਪੰਨਾ ੧੨੮੮)

**'ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ ੨ ॥' (ਧਨਾਸਰੀ ਮ: ੧, ਪੰਨਾ ੬੬੧)**

ਜ਼ੁਲਮ ਅਤੇ ਲੁੱਟ ਦਾ ਸ਼ਿਕਾਰ ਹੋ ਰਹੇ ਲੋਕਾਂ ਨੂੰ ਜਾਗਰੂਕ ਕਰਨ ਲਈ ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਗਿਆਨ ਵਿਹੂਣੀ ਅੰਨ੍ਹੀ ਪ੍ਰਜਾ ਕਹਿ ਕੇ ਹਲੂਣਿਆ :

**'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥' (ਮ: ੧, ੪੬੯)**

ਪਰ ਇਹ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਗੁਰੂ ਸਾਹਿਬ ਜੀ ਨੇ ਰਾਜੇ-ਪੁਜਾਰੀ ਗੱਠਜੋੜ ਦੀ ਸਖ਼ਤ ਵਿਰੋਧਤਾ ਕੀਤੀ ਉਸ ਦੇ ਸਿੱਖ ਉਸੇ ਗੱਠਜੋੜ ਦਾ ਸ਼ਿਕਾਰ ਹੋ ਰਹੇ ਹਨ। ਸਿੱਖ ਸੰਸਥਾਵਾਂ ਅਤੇ ਸਤਾ 'ਤੇ ਕਾਬਜ਼ ਰਾਜਨੀਤਕ ਆਗੂਆਂ ਨੇ ਆਪਣੇ ਵੱਲੋਂ ਨਿਯੁਕਤ ਕੀਤੇ ਤਖ਼ਤਾਂ ਦੇ ਜਥੇਦਾਰਾਂ ਨੂੰ ਸਿੰਘ ਸਾਹਿਬ ਦੇ ਲਕਬ ਦੇ ਕੇ ਸਰਬਉਚ ਹੋਣ ਅਤੇ ਉਨ੍ਹਾਂ ਵੱਲੋਂ ਜਾਰੀ ਹੁਕਨਾਮਿਆਂ ਨੂੰ ਇਲਾਹੀ ਹੁਕਮ ਦੱਸ ਕੇ ਇਹ ਪ੍ਰਚਾਰ ਬੜੇ ਜੋਰ ਸ਼ੋਰ ਨਾਲ ਕੀਤਾ ਕਿ ਜਿਹੜਾ ਸਿੱਖ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਨਹੀਂ ਮੰਨਦਾ ਉਹ ਅਕਾਲ ਤਖ਼ਤ ਅਤੇ ਗੁਰੂ ਦਾ ਵਿਰੋਧੀ ਹੈ। ਇਸ ਲਈ ਉਹ ਪੰਥ 'ਚੋਂ ਛੇਕਿਆ ਜਾ ਸਕਦਾ ਹੈ। ਦੂਜੇ ਪਾਸੇ ਮੌਕੇ ਦੇ ਰਾਜਿਆਂ ਨੂੰ ਰੱਬ ਦਾ ਅਵਤਾਰ ਦੱਸਣ ਦੀ ਤਰਜ਼ 'ਤੇ ਜਥੇਦਾਰਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ 'ਫ਼ਖ਼ਰ-ਏ-ਕੌਮ, ਪੰਥ ਰਤਨ' ਦੇ ਅਵਾਰਡ ਨਾਲ ਨਿਵਾਜਿਆ।

ਅਕਾਲ ਤਖ਼ਤ ਦੇ ਜਥੇਦਾਰ ਅਤੇ ਉਸ ਵੱਲੋਂ ਜਾਰੀ ਹੁਕਮਨਾਮਿਆਂ ਨੂੰ ਸਤਾਧਾਰੀ ਕਿੰਨਾ ਕੁ ਸਰਬਉਚ ਮੰਨਦੇ ਹਨ ਇਹ ਗੱਲ ਤਾਂ ਕਿਸੇ ਤੋਂ ਲੁਕੀ ਛਿਪੀ ਨਹੀਂ ਪਰ ਇਨ੍ਹਾਂ ਵੱਲੋਂ ਜਾਰੀ ਹੋਏ ਹੁਕਮਨਾਮਿਆਂ ਨੂੰ ਰਾਜਨੀਤਕ ਵਿਰੋਧੀਆਂ ਨੂੰ ਦਬਾਉਣ ਲਈ ਖ਼ੂਬ ਦੁਰਵਰਤੋਂ ਹੋ ਰਹੀ ਹੈ। ਮਿਸਾਲ ਦੇ ਤੌਰ 'ਤੇ ਆਰ.ਐੱਸ.ਐੱਸ. ਸਿੱਖਾਂ ਨੂੰ ਹਿੰਦੂ ਧਰਮ ਦਾ ਇੱਕ ਅੰਗ ਮੰਨਦੀ ਹੈ ਅਤੇ ਹਰ ਉਸ ਗੱਲ ਅਤੇ ਸਿਧਾਂਤ ਦਾ ਸਖ਼ਤੀ ਨਾਲ ਵਿਰੋਧ ਕਰਦੀ ਹੈ ਜਿਹੜੀ ਸਿੱਖ ਧਰਮ ਦੀ ਆਜ਼ਾਦ ਹਸਤੀ ਅਤੇ ਨਿਆਰੇਪਨ ਦੀ ਪ੍ਰਤੀਕ ਹੋਵੇ। ਜਿਵੇਂ ਕਿ ਨਾਨਕਸ਼ਾਹੀ ਕੈਲੰਡਰ ਦਾ ਸ਼ੁਰੂ ਤੋਂ ਵਿਰੋਧ ਕਰਦੀ ਆ ਰਹੀ ਹੈ। ਵਿਰੋਧ ਦੇ ਬਾਵਜੂਦ 2003 ਵਿਚ ਨਾਨਕਸ਼ਾਹੀ ਕੈਲੰਡਰ ਲਾਗੂ ਹੋ ਗਿਆ ਸੀ ਪਰ ਆਰ.ਐੱਸ.ਐੱਸ. ਹਮੇਸ਼ਾਂ ਹੀ ਇਸ ਨੂੰ ਰੱਦ ਕਰਵਾਉਣ ਲਈ ਗੋਂਦਾਂ ਗੁੰਦਦੀ ਰਹੀ ਤੇ ਅਖੀਰ ਸਤਾ ਦੀ ਕੁਰਸੀ 'ਤੇ ਟਿਕੇ ਰਹਿਣ ਦੀ ਲਾਲਸਾ ਅਧੀਨ ਆਰ.ਐੱਸ.ਐੱਸ. ਦੇ ਦਾਸ ਬਣੇ ਬਾਦਲ ਦਾ ਆਪਣੇ ਏਜੰਟਾਂ ਦੇ ਤੌਰ 'ਤੇ ਕੰਮ ਕਰ ਰਹੇ ਸੰਤ ਸਮਾਜ ਨਾਲ ਚੋਣ ਸਮਝੌਤਾ ਕਰਵਾ ਕੇ 7 ਸਾਲਾਂ ਪਿੱਛੋਂ 2010 ਵਿਚ ਸੋਧਾਂ ਦੇ ਨਾਮ 'ਤੇ ਇਸ ਦਾ ਕਤਲ ਕਰ ਦਿੱਤਾ। ਅਸਲ ਵਿਚ ਇਸ ਨੂੰ 'ਸੋਧ' ਦਾ ਨਾਮ ਦੇਣਾ ਹੀ 'ਸੋਧ' ਸ਼ਬਦ ਦੀ ਬੇਅਦਬੀ ਹੈ ਕਿਉਂਕਿ ਇਹ ਸੋਧ ਨਹੀਂ ਬਲਕਿ ਚੋਣ ਸਮਝੌਤੇ ਵਾਂਗ



ਇੱਕ ਗ਼ੈਰ-ਸਿਧਾਂਤਕ ਸਮਝੌਤਾ ਹੈ। ਭਾਵ ਜਿਵੇਂ ਚੋਣ ਸਮਝੌਤਾ ਕਿਸੇ ਸਿਧਾਂਤ ਨੂੰ ਮੁੱਖ ਰੱਖ ਕੇ ਨਹੀਂ ਬਲਕਿ ਚੋਣ ਜਿੱਤਣ ਲਈ ਦੋ ਪਾਰਟੀਆਂ ਵਿਚ ਸੀਟਾਂ ਦੀ ਵੰਡ ਹੁੰਦੀ ਹੈ ਉਸੇ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰਨ ਲਈ ਸਮਝੌਤਾ ਕੀਤਾ ਗਿਆ ਕਿ ਇਸ ਦੀਆਂ ਸੰਗ੍ਰਾਂਦਾਂ ਬਿਕ੍ਰਮੀ ਕੈਲੰਡਰ ਵਾਲੀਆਂ ਕਰ ਦਿੱਤੀਆਂ ਜਾਣ ਅਤੇ ਗੁਰਪੁਰਬਾਂ ਦੀ ਵੰਡ ਕਰਕੇ ਚਾਰ ਗੁਰਪੁਰਬ ਚੰਦਰਮਾ ਦੀਆਂ ਤਿਥਾਂ ਮੁਤਾਬਕ ਕਰ ਦਿੱਤੇ ਤੇ ਬਾਕੀ ਦੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਨਾਨਕਸ਼ਾਹ ਕੈਲੰਡਰ ਵਾਲੇ ਹੀ ਰਹਿਣ ਦਿੱਤੇ। ਇਸ ਤਰ੍ਹਾਂ ਤਿੰਨ ਕੈਲੰਡਰਾਂ ਦਾ ਮਿਲਗੋਭਾ ਬਣਾ ਕੇ ਨਾਨਕਸ਼ਾਹੀ ਕੈਲੰਡਰ ਦੀ ਰੂਹ ਦਾ ਕਤਲ ਕਰ ਦਿੱਤਾ ਗਿਆ। ਇਸ ਦਾ ਵਿਰੋਧ ਕਰਨ ਵਾਲਿਆਂ ਨੂੰ ਅਕਾਲ ਤਖ਼ਤ ਦੇ ਵਿਰੋਧੀ ਹੋਣ ਦਾ ਪ੍ਰਚਾਰ ਕਰ ਕੇ ਸ਼੍ਰੋਮਣੀ ਕਮੇਟੀ, ਪੰਜਾਬ ਵਿਧਾਨ ਸਭਾ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤੀਆਂ।

ਬੀਤੀ 3 ਜੁਲਾਈ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨਾਲ ਸੰਪਰਕ ਕਰ ਕੇ ਪੁੱਛਿਆ ਕਿ ਇਤਿਹਾਸ ਅਤੇ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹਾੜ ਵਦੀ 7, 21 ਹਾੜ 1652; 19 ਜੂਨ 1595 ਨੂੰ ਹੋਇਆ ਸੀ ਪਰ ਸੋਧੇ ਹੋਏ ਕੈਲੰਡਰ ਵਿਚ ਤੁਸੀਂ ਗੁਰਪੁਰਬ 5 ਜੁਲਾਈ ਨਿਸਚਤ ਕੀਤਾ ਹੈ। 5 ਜੁਲਾਈ ਨੂੰ ਤਾਂ ਹਾੜ ਵਦੀ 13, 22 ਹਾੜ ਹੈ ਫਿਰ ਤੁਸੀਂ ਇਹ 5 ਜੁਲਾਈ ਕਿਹੜੇ ਇਤਿਹਾਸਕ ਹਵਾਲੇ ਤੋਂ ਲਈ ਹੈ ? ਸ: ਮੱਕੜ ਕੋਲ ਇਸ ਦਾ ਕੋਈ ਜਵਾਬ ਨਾ ਹੋਣ ਕਰਕੇ ਉਨ੍ਹਾਂ ਦੋ ਹਰਫੀ ਗੱਲ ਮੁਕਾ ਦਿੱਤੀ ਕਿ ਮੈਨੂੰ ਨਹੀਂ ਪਤਾ ਇਸ ਸਬੰਧੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਗੱਲ ਕਰੋ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਗੱਲ ਕੀਤੀ ਤਾਂ ਇਸ ਗ਼ਲਤੀ ਨੂੰ ਸਵੀਕਾਰਦਿਆਂ ਉਨ੍ਹਾਂ ਕਿਹਾ ਕਿ ਜੇ ਜਥੇਬੰਦੀਆਂ ਵੱਲੋਂ ਸੁਝਾਉ ਆਉਣ ਤਾਂ ਇਸ ਵਿਚ ਦੁਬਾਰਾ ਵੀ ਸੋਧ ਹੋ ਸਕਦੀ ਹੈ। ਜਥੇਦਾਰ ਸਾਹਿਬ ਵੱਲੋਂ ਸੁਝਾਵਾਂ ਦੀ ਮੰਗ ਕਰਨ 'ਤੇ ਬਠਿੰਡਾ ਸ਼ਹਿਰ ਦੀਆਂ 40 ਤੋਂ ਵੱਧ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਧਾਰਮਿਕ ਜਥੇਬੰਦੀਆਂ ਨੇ 2003 ਵਾਲਾ ਮੂਲ ਨਾਨਕਸ਼ਾਹੀ ਕੈਲੰਡਰ ਮੁੜ ਲਾਗੂ ਕਰਨ ਦਾ ਮਤਾ ਪਾਸ ਕਰਕੇ 16 ਜੁਲਾਈ ਨੂੰ ਖ਼ਾਲਸਾ ਦੀਵਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਅਤੇ ਸੰਗਤ ਦੀ ਹਾਜਰੀ ਵਿਚ ਉਨ੍ਹਾਂ ਨੂੰ ਸੌਂਪਿਆ ਗਿਆ। ਸੰਗਤਾਂ ਦੇ ਵੀਚਾਰ ਸੁਣਨ ਅਤੇ ਮਤਾ ਪ੍ਰਾਪਤ ਕਰਨ ਉਪ੍ਰੰਤ ਪ੍ਰਿੰਟ ਅਤੇ ਇਲੈਕ੍ਰੋਨਿਕ ਮੀਡੀਏ ਦੀ ਮੌਜੂਦਗੀ ਵਿਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬਿਆਨ ਦਿੱਤਾ ਕਿ ਇਸ ਮਤੇ ਨੂੰ ਪੰਜ ਸਿੰਘ ਸਾਹਿਬਾਨ

ਦੀ ਮੀਟਿੰਗ ਵਿਚ ਵੀਚਾਰਿਆ ਜਾਵੇਗਾ ਅਤੇ ਜੇ ਲੋੜ ਪਈ ਤਾਂ ਸਿੱਖ ਪੰਥ ਦੀਆਂ ਭਾਵਨਾਵਾਂ ਅਨੁਸਾਰ ਕੈਲੰਡਰ ਵਿਚ ਮੁੜ ਸੋਧ ਕੀਤੀ ਜਾਵੇਗੀ। ਦੂਸਰੇ ਪਾਸੇ 17 ਜੁਲਾਈ ਨੂੰ ਚੰਡੀਗੜ੍ਹ ਵਿਖੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ ਮੀਟਿੰਗ ਉਪ੍ਰੰਤ ਜਥੇਦਾਰ ਅਕਾਲ ਤਖ਼ਤ ਦੇ ਬਿਆਨ ਦਾ ਹਵਾਲਾ ਦੇ ਕੇ ਪੱਤਰਕਾਰਾਂ ਵੱਲੋਂ ਪੁੱਛੇ ਜਾਣ ’ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਬੜੀ ਕੁਰੱਖਤ ਅਤੇ ਘਟੀਆ ਸ਼ਬਦਾਵਲੀ ਵਰਤਦੇ ਹੋਏ ਸੋਧਾਂ ਤੋਂ ਸਾਫ਼ ਇਨਕਾਰ ਕਰਦਿਆਂ ਕਿਹਾ ਕਿ ਰੌਲਾ ਪਾਉਣ ਵਾਲੇ ਦੋ ਚਾਰ ਅਗਿਆਨੀ ਸਿੱਖਾਂ ਦੇ ਦਬਾਅ ਹੇਠ ਕੋਈ ਵੀ ਤਰਮੀਮ ਜਾ ਅਦਲਾ ਬਦਲੀ ਨਹੀਂ ਕੀਤੀ ਜਾਵੇਗੀ।

18 ਜੁਲਾਈ ਨੂੰ ਸ: ਮੱਕੜ ਦਾ ਇਹ ਬਿਆਨ ਪੜ੍ਹਨ ਉਪ੍ਰੰਤ ਉਨ੍ਹਾਂ ਦੇ ਗਿਆਨ ਦਾ ਪੱਧਰ ਜਾਨਣ ਲਈ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਤੁਹਾਡੇ ਵੱਲੋਂ ਸੋਧੇ ਹੋਏ ਕੈਲੰਡਰ ਦੇ ਵੱਖ ਵੱਖ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਅਤੇ ਕੀ ਇਹ ਆਉਣ ਵਾਲੇ ਸਾਲਾਂ ਵਿਚ ਵੀ ਇੰਨੀ ਹੀ ਰਹੇਗੀ ਜਾਂ ਵਧ ਘਟ ਹੋ ਸਕਦੀ ਹੈ। (ਇਹ ਵਰਨਣਯੋਗ ਹੈ ਕਿ ਬਿਕ੍ਰਮੀ ਸਾਲ ਦੇ ਇੱਕੋ ਨਾਮ ਦੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਵੱਖ ਵੱਖ ਸਾਲਾਂ ਵਿਚ ਵੱਖ ਹੋ ਸਕਦੀ ਹੈ, ਇਸੇ ਕਾਰਨ ਇਸ ਦੀਆਂ ਸੰਗਰਾਂਦਾਂ ਹਰ ਸਾਲ ਬਦਲਦੀਆਂ ਰਹਿੰਦੀਆਂ ਹਨ)। ਬ੍ਰਾਹਮਣ ਵੱਲੋਂ ਬਣਾਈ ਯੰਤਰੀ ਵੇਖਣ ਤੋਂ ਬਿਨਾਂ ਇਹ ਵੀ ਦੱਸ ਦੇਵੋ ਕਿ ਆਉਣ ਵਾਲੇ ਮਹੀਨਿਆਂ ਦੀਆਂ ਸੰਗ੍ਰਾਂਦਾਂ ਕਿਹੜੀਆਂ ਕਿਹੜੀਆਂ ਤਾਰੀਖਾਂ ਨੂੰ ਆਉਣਗੀਆਂ ? ਆਪਣੇ ਆਪ ਨੂੰ ਗਿਆਨ ਦਾ ਭੰਡਾਰਾ ਸਮਝਣ ਵਾਲੇ ਸ: ਮੱਕੜ ਨੇ ਕਿਹਾ ਮੈਂ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਨੀ। ਜਦੋਂ ਕਿਹਾ ਕਿ ਗੱਲ ਤਾ ਤੁਸੀਂ ਤਾਂ ਹੀ ਕਰ ਸਕਦੇ ਹੋ ਜੇ ਗੱਲ ਕਰਨ ਦੀ ਤੁਹਾਡੀ ਸਮਰੱਥਾ ਹੋਵੇ ਪਰ ਹਮੇਸ਼ਾਂ ਅਕਾਲ ਤਖ਼ਤ ਦੀ ਸਰਬਉਚਤਾ ਦਾ ਰਾਗ ਅਲਾਪਣ ਵਾਲਿਓ ਇਤਨਾ ਤਾਂ ਦੱਸ ਦੇਵੋ ਕਿ ਸਰਬਉੱਚ ਤੁਸੀਂ ਹੋ ਜਾਂ ਅਕਾਲ ਤਖ਼ਤ ਦਾ ਜਥੇਦਾਰ ? ਜੇ ਅਕਾਲ ਤਖ਼ਤ ਦਾ ਜਥੇਦਾਰ ਸਰਬਉੱਚ ਹੈ ਤਾਂ ਵਿਗਾੜੇ ਗਏ ਕੈਲੰਡਰ ’ਚ ਉਨ੍ਹਾਂ ਵੱਲੋਂ ਸੋਧਾਂ ਦੀ ਹਾਮੀ ਭਰਨ ਪਿੱਛੋਂ, ਤੁਸੀਂ ਸੋਧਾਂ ਤੋਂ ਇਨਕਾਰ ਕਿਸ ਹੈਸੀਅਤ ’ਚ ਕਰ ਰਹੇ ਹੋ ? ਜਵਾਬ ਦੇਣ ਦੀ ਥਾਂ ਸ: ਮੱਕੜ ਨੇ ਇਹ ਕਹਿ ਕੇ ਫ਼ੋਨ ਕੱਟ ਦਿੱਤਾ ਕਿ ਜਦ ਤੁਹਾਨੂੰ ਇੱਕ ਵਾਰ ਕਹਿ ਦਿੱਤਾ ਕਿ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਨੀ।

ਸ਼ਾਮ ਨੂੰ ਗੁਰਮਤਿ ਪ੍ਰਚਾਰ ਸਭਾ ਦੇ ਜਨਰਲ ਸਕੱਤਰ ਪ੍ਰਿੰ : ਰਣਜੀਤ ਸਿੰਘ ਨੇ ਸ: ਮੱਕੜ ਤੋਂ ਫ਼ੋਨ ਕਰਕੇ ਪੁੱਛਿਆ ਕਿ ਤੁਹਾਡੇ ਬਿਆਨ ਤੋਂ ਕੀ ਅੰਦਾਜ਼ਾ ਲਗਾਈਏ ਕਿ ਅਕਾਲ ਤਖ਼ਤ ਦਾ ਜਥੇਦਾਰ ਵੱਡਾ ਹੈ ਜਾਂ ਤੁਸੀਂ ਵੱਡੇ ਹੋ ? ਉਸ ਸਮੇਂ ਤੱਕ ਸ਼ਾਇਦ ਸ: ਮੱਕੜ ਨੂੰ ਆਪਣੇ ਗਿਆਨ ਦੇ ਪੱਧਰ ਦਾ ਗਿਆਨ ਹੋ ਗਿਆ ਹੋਵੇਗਾ ਇਸ ਲਈ ਉਨ੍ਹਾਂ ਦੀ ਭਾਸ਼ਾ ਕੁਝ ਬਦਲ ਗਈ ਤੇ ਉਨ੍ਹਾਂ ਕਿਹਾ



ਵੱਡਾ ਤਾਂ ਜਥੇਦਾਰ ਹੀ ਹੈ। ਮੈਂ ਤਾਂ ਸਿਰਫ਼ ਇਹ ਕਿਹਾ ਸੀ ਕਿ ਇਸ ਵਿਚ ਪਹਿਲਾਂ ਹੀ 2010 ਵਿਚ ਵਿਦਵਾਨਾਂ ਦੀ ਰਾਇ ਲੈਣ ਉਪ੍ਰੰਤ ਸੋਧ ਹੋ ਚੁੱਕੀ ਹੈ ਇਸ ਲਈ ਹੁਣ ਹੋਰ ਸੋਧ ਦੀ ਕੋਈ ਲੋੜ ਨਹੀਂ ਹੈ। ਪਰ ਜੇ ਪੰਜ ਸਿੰਘ ਸਾਹਿਬਾਨ ਸੋਚ ਵੀਚਾਰ ਪਿੱਛੋਂ ਕੋਈ ਤਬਦੀਲੀ ਕਰਨਾ ਚਾਹੁੰਣ ਤਾਂ ਉਹ ਕਰ ਲੈਣ। ਸ਼੍ਰੋਮਣੀ ਕਮੇਟੀ ਨੇ ਤਾਂ ਸਿਰਫ਼ ਅਕਾਲ ਤਖ਼ਤ ਤੋਂ ਪ੍ਰਵਾਨਤ ਕੈਲੰਡਰ ਲਾਗੂ ਹੀ ਕਰਨਾ ਹੈ।

ਇਸ ਉਪ੍ਰੰਤ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਪ੍ਰਧਾਨ ਮੱਕੜ ਦਾ ਬਿਆਨ ਤੁਹਾਡੀ ਸਰਬਉਚਤਾ ਨੂੰ ਸਿੱਧੀ ਚੁਣੌਤੀ ਹੈ। ਇਹ ਤੁਹਾਡੇ ਲਈ ਪਰਖ ਦੀ ਘੜੀ ਹੈ ਕਿ ਸ: ਮੱਕੜ ਦੇ ਬਿਆਨ ਉਪ੍ਰੰਤ ਤੁਸੀਂ ਦੁਬਾਰਾ ਸੋਧ ਕਰਨ ਦੇ ਦਿੱਤੇ ਆਪਣੇ ਬਿਆਨ ’ਤੇ ਚੁੱਪੀ ਧਾਰ ਕੇ ਆਪਣੀ ਸਰਬਉਚਤਾ ਦਾ ਪਾਜ ਉਘੇੜਦੇ ਹੋ ਜਾਂ ਪ੍ਰਧਾਨ ਦੀ ਗ਼ਲਤ ਬਿਆਨੀ ਸਬੰਧੀ ਉਸ ਨੂੰ ਤਾੜਨਾ ਕਰਕੇ ਅਤੇ ਬਠਿੰਡਾ ਵਿਖੇ ਆਪਣੇ ਕੀਤੇ ਵਾਅਦੇ ’ਤੇ ਪੂਰੇ ਉਤਰ ਕੇ ਆਪਣੀ ਸਰਬਉੱਚਤਾ ਸਿੱਧ ਕਰਦੇ ਹੋ। ਜਵਾਬ ’ਚ ਉਨ੍ਹਾਂ ਕਿਹਾ ਸਿੰਘ ਸਾਹਿਬਾਨ ਨੇ ਕੈਲੰਡਰ ਬਣਾਉਣਾਂ ਜਾਂ ਸੋਧਾਂ ਨਹੀਂ ਕਰਨੀਆਂ। ਕੈਲੰਡਰ ਬਣਾਉਣ ਜਾਂ ਸੋਧਾਂ ਕਰਨ ਦਾ ਕੰਮ ਵਿਦਵਾਨਾਂ ਦਾ ਹੈ। ਪੰਜਾਂ ਦੀ ਮੀਟਿੰਗ ਵਿਚ ਸਿੰਘ ਸਾਹਿਬਾਨਾਂ ਨੇ ਫੈਸਲਾ ਕਰਨਾ ਹੈ ਕਿ ਕੀ ਸੋਧਾਂ ਲਈ ਵਿਦਵਾਨਾਂ ਦੀ ਕੋਈ ਕਮੇਟੀ ਬਣਾਉਣ ਦੀ ਲੋੜ ਹੈ ਜਾਂ ਨਹੀਂ। ਵਿਦਵਾਨਾਂ ਦੀ ਕਮੇਟੀ ਵੱਲੋਂ ਸੋਧਾਂ ਲਈ ਕੀਤੀ ਸਿਫਾਰਸ਼ ਨੂੰ ਸਿੰਘ ਸਾਹਿਬਾਨ ਨੇ ਸਿਰਫ਼ ਪ੍ਰਵਾਨਗੀ ਦੇਣੀ ਹੈ।

ਜਥੇਦਾਰ ਸਾਹਿਬ ਦਾ ਇਹ ਗੋਲਮੋਲ ਬਿਆਨ ਖੂਹ ਵਿਚ ਇੱਟ ਸੁੱਟਣ ਵਾਂਗ ਹੈ। ਜੇ ਲੋਕ ਵਿਖਾਵੇ ਲਈ ਕੋਈ ਕਮੇਟੀ ਬਣਾ ਵੀ ਦਿੱਤੀ ਤੇ ਸੋਧਾਂ ਲਈ ਕਮੇਟੀ ਦੇ ਮੈਂਬਰ ਫਿਰ ਧੁੰਮਾ, ਮੱਕੜ ਨੂੰ ਬਣਾ ਦਿੱਤਾ ਜਾਂ ਇਸ ਦਾ ਘੇਰਾ ਹੋਰ ਵਧਾ ਕੇ ਸੰਤ ਹਰੀ ਸਿੰਘ ਰੰਧਾਵਾ, ਕਰਨਲ ਸੁਰਜੀਤ ਸਿੰਘ ਨਿਸ਼ਾਨ ਅਤੇ ਡਾ : ਅਨੁਰਾਗ ਸਿੰਘ, ਬੀਬੀ ਅਮਰਜੀਤ ਕੌਰ ਬੈਲਜ਼ੀਅਮ ਆਦਿ ਨੂੰ ਸ਼ਾਮਲ ਕਰਕੇ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਤਾਂ ਕੈਲੰਡਰ ਦਾ ਜੋ ਹਸ਼ਰ ਹੋਵੇਗਾ ਉਹ ਇਹ ਹੀ ਹੋ ਸਕਦਾ ਹੈ ਕਿ ਨਾਨਕਸ਼ਾਹੀ ਕੈਲੰਡਰ ਦਾ ਪੂਰਨ ਤੌਰ ’ਤੇ ਭੋਗ ਪਾ ਕੇ ਇਹ ਸੋਧ ਕਰ ਦਿੱਤੀ ਜਾਵੇਗੀ ਕਿ ਸਾਰੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਪੁਰਾਤਨ ਮਰਿਆਦਾ ਅਨੁਸਾਰ ਬਿਕ੍ਰਮੀ ਕੈਲੰਡਰ ਮੁਤਾਬਕ ਮੰਨਾਏ ਜਾਣ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਗੱਲ ਕਰਨ ਉਪ੍ਰੰਤ ਗਿਆਨੀ ਜਸਵੰਤ ਸਿੰਘ (ਭੂਰੇ ਕੋਨੇ ਵਾਲੇ) ਜੋ ਮੰਜੀ ਸਾਹਿਬ ਅੰਮ੍ਰਿਤਸਰ ਤੋਂ ਕਥਾਵਾਚਕ ਦੇ ਤੌਰ ’ਤੇ ਸੇਵਾ ਮੁਕਤ ਹੋਣ ਉਪ੍ਰੰਤ ਕੁਝ ਚਿਰ ਲਈ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਰਹੇ ਅਤੇ ਹੁਣ ਧਰਮ ਪ੍ਰਚਾਰ ਕਮੇਟੀ ਦੇ ਮਾਝਾ ਖੇਤਰ ਦੇ ਮੁਖੀ ਦੇ ਤੌਰ

’ਤੇ ਤਾਇਨਾਤ ਹਨ; ਅਤੇ ਜਿਨ੍ਹਾਂ ਨੇ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਵਿਖੇ 18 ਜੁਲਾਈ ਨੂੰ ਕਥਾ ਕੀਤੀ ਸੀ, ਨੂੰ ਫ਼ੋਨ ਕਰਕੇ ਪੁੱਛਿਆ ਕਿ ਤੁਹਾਡੇ ਕਥਾ ਕਰਨ ਦੇ ਢੰਗ ਤੋਂ ਜਾਪਦਾ ਹੈ ਕਿ ਤੁਸੀਂ ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਦੇ ਕਾਫ਼ੀ ਗਿਆਤਾ ਹੋ। ਇਸ ਲਈ ਜਿਸ ਤਰ੍ਹਾਂ ਭਗਤ ਕਬੀਰ ਸਾਹਿਬ ਜੀ ਨੇ ਅਕਾਲ ਪੁਰਖ਼ ਨੂੰ ਸੁਬੋਧਨ ਹੋ ਕੇ ਇਹ ਸ਼ਬਦ ਉਚਾਰਿਆ ਹੈ :

**ਝਗਰਾ ਏਕੁ ਨਿਬੇਰਹੁ ਰਾਮ ॥ ਜਉ ਤੁਮ ਅਪਨੇ ਜਨ ਸੌ ਕਾਮੁ ॥ ੧ ॥ ਰਹਾਉ ॥ ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ ॥ ਰਾਮੁ ਬਡਾ ਕੈ ਰਾਮਹਿ ਜਾਨਿਆ ॥ ੧ ॥ ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥ ੨ ॥ ਕਹਿ ਕਬੀਰ ਹਉ ਭਇਆ ਉਦਾਸੁ ॥ ਤੀਰਥੁ ਬਡਾ ਕਿ ਹਰਿ ਕਾ ਦਾਸੁ ॥ ੩ ॥ ੪੨ ॥’**

**(ਪੰਨਾ ੩੩੧)**

ਉਸੇ ਤਰ੍ਹਾਂ ਗੁਰਬਾਣੀ ਅਤੇ ਸਿੱਖ ਸਿਧਾਂਤ ਤੋਂ ਸੇਧ ਲੈ ਕੇ ਸਾਡਾ ਇਹ ਸ਼ੰਕਾ ਨਿਵਿਰਤ ਕਰੋ ਕਿ ਸਿੱਖਾਂ ਲਈ ਸਰਬਉੱਚ ਗੁਰਬਾਣੀ ਹੈ ਜਾਂ ਅਕਾਲ ਤਖ਼ਤ ਦਾ ਹੁਕਮਨਾਮਾ! ਅਕਾਲ ਤਖ਼ਤ ਦਾ ਜਥੇਦਾਰ ਵੱਡਾ ਹੈ ਜਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵੱਡਾ ਹੈ! ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵੱਡਾ ਹੈ ਜਾਂ ਪ੍ਰਧਾਨਗੀ ਲਈ ਲਫਾਫੇ ਵਿਚ ਉਸ ਦਾ ਨਾਮ ਭੇਜਣ ਵਾਲਾ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਪ੍ਰਧਾਨ ਵੱਡਾ ਹੈ! ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਵੱਡਾ ਹੈ ਜਾਂ (ਸਤਾ ’ਤੇ ਹਮੇਸ਼ਾਂ ਲਈ ਕਾਬਜ਼ ਰਹਿਣ ਲਈ ਬਣਾਈ) ਉਸ ਦੀ ਮਾਲਕ ਆਰ.ਐੱਸ.ਐੱਸ. ਵੱਡੀ ਹੈ। ਗਿਆਨੀ ਜਸਵੰਤ ਸਿੰਘ ਜੀ ਤਾਂ ਇਹ ਸਵਾਲ ਸੁਣਦਿਆਂ ਸਾਰ ਇੰਨੇ ਬੁਖਲਾਹਟ ਵਿਚ ਆਏ ਤੇ ਕਹਿਣ ਲੱਗੇ ਤੁਸੀਂ ਇਹ ਸਵਾਲ ਮੈਥੋਂ ਪੁੱਛਿਆ ਹੀ ਕਿਉਂ ਹੈ? ਮੈਂ ਧਾਰਮਿਕ ਵਿਅਕਤੀ ਹਾਂ ਫ਼ੋਨ ਰਾਹੀਂ ਇਹ ਸਿਆਸੀ ਗੱਲਾਂ ਸੁਣਾ ਕੇ ਮੇਰੇ ਕੰਨ ਮੈਲ਼ੇ ਕਿਉਂ ਕੀਤੇ? ਉਨ੍ਹਾਂ ਨੂੰ ਨਿਮ੍ਰਤਾ ਸਹਿਤ ਕਿਹਾ ਕਿ ਤੁਹਾਥੋਂ ਪੁੱਛਿਆ ਇਸ ਕਰਕੇ ਹੈ ਕਿ ਉਸ ਤਰ੍ਹਾਂ ਤਾਂ ਸਿਆਸੀ ਆਗੂ ਅਤੇ ਧਰਮ ਪ੍ਰਚਾਰਕ ਬੜੇ ਜ਼ੋਰ ਸ਼ੋਰ ਨਾਲ ਇਹ ਕਹਿੰਦੇ ਹਨ ਕਿ ਸਿੱਖਾਂ ਲਈ ਅਕਾਲ ਤਖ਼ਤ ਅਤੇ ਇਸ ਦਾ ਜਥੇਦਾਰ ਸਰਬਉੱਚ ਹੈ। ਧੁੰਮਾਂ ਮੱਕੜ ਦੋ ਮੈਂਬਰੀ ਕਮੇਟੀ ਵੱਲੋਂ ਵਿਗਾੜੇ ਗਏ ਨਾਨਕਸ਼ਾਹੀ ਕੈਲੰਡਰ ਦੀ ਕਿਸੇ ਤਾਰੀਖ ਸਬੰਧੀ ਸ: ਮੱਕੜ ਤੋਂ ਪੁੱਛਿਆ ਜਾਵੇ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਹੈ : ‘ਮੈਨੂੰ ਨਹੀਂ ਪਤਾ ਅਕਾਲ ਤਖ਼ਤ ਦੇ ਜਥੇਦਰ ਤੋਂ ਪੁੱਛੋ’। ਪਰ ਜੇ ਬਠਿੰਡਾ ਦੀਆਂ 40 ਤੋਂ ਵੱਧ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਧਾਰਮਿਕ ਜਥੇਬੰਦੀਆਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਮਤਾ ਪ੍ਰਾਪਤ ਕਰਨ ਉਪ੍ਰੰਤ ਸੋਧਾਂ ਦੇ ਨਾਮ ’ਤੇ ਪਏ ਵਿਗਾੜ ਨੂੰ ਸਵੀਕਾਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਨੇ ਮੁੜ ਸੋਧਾਂ ਕਰਨ ਦਾ ਸੰਕੇਤ ਦਿੰਦਾ ਬਿਆਨ ਦੇ ਦਿੱਤਾ ਤਾਂ ਉਸ ਨੂੰ ਚੁੱਪ ਕਰਵਾਉਣ ਦੇ ਮਕਸਦ ਨਾਲ



ਸ਼੍ਰੋਮਣੀ ਕਮੇਟੀ ਪ੍ਰਧਾਨ ਮੱਕੜ ਨੇ ਝੱਟ ਬਿਆਨ ਦਾਗ ਦਿੱਤਾ ਕਿ ਕੈਲੰਡਰ ਵਿਚ ਕੋਈ ਸੋਧ ਨਹੀਂ ਹੋਵੇਗੀ ਤੇ ਨਾ ਹੀ ਸੋਧਾਂ ਲਈ ਵਿਦਵਾਨਾਂ ਦੀ ਕਮੇਟੀ ਬਣਾਉਣ ਦੀ ਕੋਈ ਲੋੜ ਹੈ। ਸ: ਮੱਕੜ ਦੇ ਇਸ ਬਿਆਨ ਸਦਕਾ ਸਾਡੇ ਮਨਾਂ ਵਿਚ ਇਹ ਸ਼ੰਕਾ ਉਤਪਨ ਹੋਇਆ ਹੈ ਕਿ ਵੱਡਾ ਕੌਣ ਹੈ? ਕਿਉਂਕਿ ਬਾਦਲ ਦੀ ਘੁਰਕੀ ਪਿੱਛੋਂ ਸ: ਮੱਕੜ ਵੀ ਆਪਣੇ ਬਿਆਨ ਤੋਂ ਯੂ-ਟਰਨ ਕਰਦੇ ਹੋਏ ਮੁੱਕਰ ਜਾਂਦੇ ਹਨ। ਜਿਵੇਂ ਕਿ ‘ਸਾਡਾ ਹੱਕ’ ਫਿਲਮ ਸਬੰਧੀ ਸ: ਮੱਕੜ ਆਪਣੇ ਬਿਆਨ ਤੋਂ ਪੂਰੀ ਤਰ੍ਹਾਂ ਯੂ ਟਰਨ ਕਰ ਗਏ ਸਨ। ਸ: ਬਾਦਲ ਵੀ ਆਮ ਤੌਰ ’ਤੇ ਸਿੱਖ ਹਿਤਾਂ ਵਿਚ ਦਿੱਤੇ ਬਿਆਨ ਤੋਂ ਆਰ.ਐੱਸ.ਐੱਸ. ਦੀ ਘੁਰਕੀ ਪਿੱਛੋਂ ਯੂ ਟਰਨ ਮਾਰ ਜਾਂਦੇ ਹਨ, ਜਿਵੇਂ ਕਿ 1997 ਦੀਆਂ ਚੋਣਾਂ ਵਿਚ ਚੋਣ ਵਾਅਦਾ ਕੀਤਾ ਸੀ ਕਿ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆ ਕਿ ਕਸੂਰਵਾਰਾਂ ਨੂੰ ਸਜਾਵਾਂ ਤੇ ਪੀੜਤਾਂ ਨੂੰ ਇਨਸਾਫ਼ ਦਿੱਤਾ ਜਾਵੇਗਾ। ਪਰ ਚੋਣਾਂ ਜਿੱਤਣ ਉਪ੍ਰੰਤ ਆਰ.ਐੱਸ.ਐੱਸ. ਦੀ ਘੁਰਕੀ ਤੋਂ ਡਰਦਿਆਂ ਸੱਚ ਸਾਹਮਣੇ ਲਿਆਉਣਾ ਤਾਂ ਇੱਕ ਪਾਸੇ ਰਿਹਾ ਸਗੋਂ ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਹੇਠ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਉਣ ਲਈ ਪਹਿਲਾਂ ਤੋਂ ਬਣਿਆ ਪੀਪਲਜ਼ ਕਮਿਸ਼ਨ ਵੀ ਭੰਗ ਕਰ ਦਿੱਤਾ ਅਤੇ ਅੱਜ ਸੁਰਜੀਤ ਸਿੰਘ ਸਬ ਇੰਸਪੈਕਟਰ ਵੱਲੋਂ ਹਾਈ ਕੋਰਟ ਵਿਚ ਦਿੱਤੇ ਹਲਫੀਆ ਬਿਆਨ (ਕਿ ਉਸ ਨੇ 83 ਬੇਕਸੂਰ ਸਿੱਖ ਝੂਠਾ ਮਕਾਬਲਾ ਬਣਾ ਕੇ ਕਤਲ ਕੀਤੇ ਸਨ) ਪਿੱਛੋਂ ਵੀ ਬਿਲਕੁਲ ਚੁੱਪ ਹੈ। ਆਪੇ ਤੋਂ ਬਾਹਰ ਹੋਏ ਗਿਆਨੀ ਜੀ ਮੇਰੇ ਇਹ ਸਵਾਲ ਅਣਸੁਣੇ ਕਰਨ ਲਈ ਲਗਾਤਰ ਕੁਝ ਬੋਲ ਰਹੇ ਸਨ; ਜਿਸ ਦੀ ਕੁਝ ਸਮਝ ਨਹੀਂ ਸੀ ਆ ਰਹੀ। ਜਦੋਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਕਥਾ ਵਿਚ ਤੁਸੀਂ ਵਿਅਕਤੀ ਨੂੰ ਗੁੱਸੇ ਤੇ ਕ੍ਰੋਧ ਤੋਂ ਬਚ ਕੇ ਸਹਿਜ ਅਵਸਥਾ ’ਚ ਰਹਿਣ ਦੀ ਪ੍ਰੇਰਣਾ ਕਰਦੇ ਰਹਿੰਦੇ ਹੋ। ਹੁਣ ਤੁਸੀਂ ਸਹਿਜ ਵਿਚ ਆ ਕੇ ਮੇਰੀ ਗੱਲ ਤਾਂ ਸੁਣ ਲਵੋ। ਮੈਂ ਸਿਰਫ਼ ਸੋਧਾਂ ਦੇ ਨਾਮ ’ਤੇ ਕੈਲੰਡਰ ਵਿਚ ਪਾਏ ਗਏ ਵਿਗਾੜ ਅਤੇ ਇਨ੍ਹਾਂ ਸੋਧਾਂ ਨੂੰ ਰੱਦ ਕਰਕੇ ਮੂਲ ਨਾਨਕਸ਼ਾਹੀ ਬਹਾਲ ਕਰਨ ਸਬੰਧੀ ਗੱਲ ਕਰਨਾ ਚਾਹੁੰਦਾ ਹਾਂ। ਕੈਲੰਡਰ ਸਿੱਖਾਂ ਲਈ ਸਿਆਸੀ ਮਸਲਾ ਨਹੀਂ ਬਲਕਿ ਧਾਰਮਿਕ ਮਸਲਾ ਹੀ ਹੈ। ਜਦੋਂ ਉਨ੍ਹਾਂ ਮੇਰੀ ਗੱਲ ਸੁਣਨ ਦੀ ਬਜਾਏ ਲਗਾਤਾਰ ਬੋਲਣਾ ਜਾਰੀ ਰੱਖਿਆ ਤਾਂ ਆਖ਼ਰ ਕਹਿਣਾ ਪਿਆ ਕਿ ਇਸ ਦਾ ਭਾਵ ਹੈ ਤੁਸੀਂ ਕਥਾ ਨਹੀਂ ਕਰ ਰਹੇ ਬਲਕਿ **‘ਰੋਟੀਆ ਕਾਰਣਿ ਪੂਰਹਿ ਤਾਲ ॥’** ਵਾਲੀ ਅਵਸਥਾ ਵਿਚ ਹੀ ਹੋ। ਇਸ ਦਾ ਜਵਾਬ ਉਨ੍ਹਾਂ ਇਹ ਦਿੱਤਾ ਕਿ ਤੁਸੀਂ ਇਹੀ ਸਮਝ ਲਵੋ।

ਆਪਣੇ ਮਨ ’ਤੇ ਪਏ ਭਾਰ ਨੂੰ ਹੌਲ਼ਾ ਕਰਨ ਲਈ ਅਗਲੇ ਦਿਨ ਸਵੇਰੇ 19 ਜੁਲਾਈ ਦੀ ਕਥਾ ਦੌਰਾਨ ਉਨ੍ਹਾਂ ਰਾਤ ਨੂੰ ਹੋਈ ਫ਼ੋਨ ਦਾ ਜ਼ਿਕਰ ਕੀਤਾ ਪਰ ਸਾਰੀਆਂ ਗੱਲਾਂ ਦੱਸਣ ਦੀ ਬਜਾਏ ਇੰਨਾ ਹੀ ਕਿਹਾ ਕਿ ਰਾਤ ਬਠਿੰਡੇ

ਤੋਂ ਕਿਸੇ ਨੇ ਫ਼ੋਨ ਕਰਕੇ ਪੁੱਛਿਆ ਕਿ ਗਿਆਨੀ ਜੀ ਇਹ ਦੱਸੋ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵੱਡਾ ਹੈ ਜਾਂ ਅਕਾਲ ਤਖ਼ਤ ਦਾ ਜਥੇਦਾਰ ਵੱਡਾ ਹੈ? ਕਥਾ ਦੌਰਾਨ ਇਸ ਦਾ ਗਿਆਨੀ ਜੀ ਨੇ ਜਵਾਬ ਇਉਂ ਦਿੱਤਾ : 'ਭਰਾ ਮੈਂ ਤੇਰਾ ਕੁਝ ਬੁਰਾ ਨਹੀਂ ਕੀਤਾ। ਪਰ ਜੇ ਤੂੰ ਸਮਝਦਾ ਹੈਂ ਕਿ ਮੈਂ ਤੇਰਾ ਕੁਝ ਬੁਰਾ ਕੀਤਾ ਹੈ ਤਾਂ ਮੈਂ ਤੈਥੋਂ ਮੁਆਫ਼ੀ ਮੰਗ ਲੈਂਦਾ ਹਾਂ। ਪਰ ਤੂੰ ਫ਼ੋਨ ਰਾਹੀ ਇਹ ਗੱਲਾਂ ਸੁਣਾ ਕੇ ਮੇਰੇ ਕੰਨ ਮੈਲ਼ੇ ਕਿਉਂ ਕੀਤੇ ਹਨ? ਅਤੇ ਹੁਣ ਤੂੰ ਇਨ੍ਹਾਂ ਦੇ ਜਵਾਬ ਮੈਥੋਂ ਸੁਣਨ ਦੀ ਜ਼ਿਦ ਕਰਕੇ ਮੇਰੀ ਜ਼ਬਾਨ ਗੰਦੀ ਕਿਉਂ ਕਰਨੀ ਚਾਹੁੰਦਾ ਹੈਂ?' ਇਸ ਦੇ ਨਾਲ ਹੀ ਉਨ੍ਹਾਂ ਸਵਾਲ ਪੁੱਛਣ ਵਾਲੇ ਨੂੰ ਸਾਕਤ ਦੀ ਉਪਾਧੀ ਦਿੰਦਿਆ ਕਿਹਾ ਕਿ 'ਜਿਹੜੇ ਬੰਦੇ ਆਪ ਰੱਬ ਨਾਲੋਂ ਟੁੱਟੇ ਹੁੰਦੇ ਹਨ ਉਹ ਅਜੇਹੇ ਸਵਾਲ ਪੁੱਛ ਕੇ ਦੂਸਰਿਆਂ ਨੂੰ ਵੀ ਤੋੜਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।'

ਗਿਆਨੀ ਜੀ ਨਾਲ ਫ਼ੋਨ 'ਤੇ ਹੋਈ ਗੱਲਬਾਤ ਅਤੇ ਕਥਾ ਦੌਰਾਨ ਸੁਣੇ ਉਨ੍ਹਾਂ ਦੇ ਵੀਚਾਰ ਉਪ੍ਰੰਤ ਮਨ ਵਿਚ ਇਹ ਖ਼ਿਆਲ ਆਉਂਦਾ ਹੈ ਕਿ ਕੀ ਅੱਜ ਦੇ ਇਹ ਕਥਾਕਾਰ ਗੁਰੂ ਨਾਨਕ ਸਾਹਿਬ ਜੀ ਨਾਲੋਂ ਵੀ ਵੱਡੇ ਧਾਰਮਿਕ ਹੋ ਗਏ ਹਨ। ਇਨ੍ਹਾਂ ਅਨੁਸਾਰ ਤਾਂ :

**—'ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥'**

**—'ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ ੨ ॥'**

**—'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥'**

**—'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥'**

ਆਦਿਕ ਅਨੇਕਾਂ ਹੋਰ ਸ਼ਬਦ ਸਾਰੇ ਹੀ ਧਾਰਮਿਕ ਨਹੀਂ ਬਲਕਿ ਸਿਆਸੀ ਜਾਂ ਦੂਸਰਿਆਂ ਦੀ ਨਿੰਦਾ ਕਰਨ ਵਾਲੇ ਹਨ। ਕੀ ਗੁਰਬਾਣੀ ਦੇ ਅਜੇਹੇ ਸ਼ਬਦ ਪੜ੍ਹਨ ਨਾਲ ਇਨ੍ਹਾਂ ਦੀ ਜ਼ਬਾਨ ਗੰਦੀ ਹੁੰਦੀ ਹੈ ਜਾਂ ਸੁਣਨ ਨਾਲ ਕੰਨ ਮੈਲ਼ੇ ਹੋ ਜਾਂਦੇ ਹਨ? ਅਸਲ ਵਿਚ ਮੇਰੇ ਸਵਾਲ ਸੁਣਨ ਨਾਲ ਨਾ ਗਿਆਨੀ ਜੀ ਦੇ ਕੰਨ ਮੈਲ਼ੇ ਹੋਣੇ ਸਨ ਨਾਂ ਇਨ੍ਹਾਂ ਦੇ ਜਵਾਬ ਦੇਣ ਨਾਲ ਜ਼ਬਾਨ ਗੰਦੀ ਹੋਣੀ ਸੀ; ਅਸਲ ਗੱਲ ਇਹ ਹੈ ਕਿ ਇਹ ਜਵਾਬ ਸੁਣ ਕੇ ਸਹੀ ਜਵਾਬ ਦੇਣਾ ਇਨ੍ਹਾਂ ਨੂੰ ਇਸ ਤਰ੍ਹਾਂ ਲੱਗਾ ਕਿ ਸ਼ਾਇਦ ਇਸ ਨਾਲ ਪ੍ਰਧਾਨ ਜੀ ਦੀ ਨਰਾਜ਼ਗੀ ਪੱਲੇ ਪੈ ਜਾਵੇ ਤੇ ਹੋ ਸਕਦਾ ਹੈ ਕਿ ਸੇਵਾ ਮੁਕਤੀ ਪਿੱਛੋਂ ਮਿਲ ਰਹੇ ਇਹ ਅਹੁਦੇ ਤੇ ਸਹੂਲਤਾਂ ਜਾਂਦੀਆਂ ਰਹਿਣ। ਜੇ ਇਹੀ ਗੱਲ ਹੈ ਤਾਂ '**ਰੋਟੀਆ ਕਾਰਣਿ ਪੂਰਹਿ ਤਾਲ ॥**' ਵਿਚ ਕੀ ਅੰਤਰ ਹੈ?

* * * * *



# ਗੁਰਮਤਿ ਸੇਵਾ ਲਹਿਰ ਦੇ ਮੈਂਬਰ ਬਣ ਕੇ ਸਿੱਖੀ ਪ੍ਰਚਾਰ ਵਿਚ ਹਿੱਸਾ ਪਾਓ

'ਗੁਰਮਤਿ ਸੇਵਾ ਲਹਿਰ' ਕਾਫ਼ੀ ਸਮੇਂ ਤੋਂ ਪੰਥਕ ਕਾਰਜ ਅਤੇ ਮਨੁੱਖਤਾ ਦੀ ਸੇਵਾ ਲਈ ਕਾਰਜ ਕਰ ਰਹੀ ਹੈ। ਗੁਰਮਤਿ ਉਪਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਗੁਰਮਤਿ ਸੇਵਾ ਲਹਿਰ ਵੱਲੋਂ "**ਗੁਰਬਾਣੀ, ਗੁਰ ਇਤਿਹਾਸ, ਸਿਧਾਂਤ ਤੇ ਮਰਯਾਦਾ**" ਦੀ ਪਹਿਲੀ ਐਡੀਸ਼ਨ 5,000 ਦੀ ਗਿਣਤੀ ਵਿਚ ਛਪਵਾਈ ਗਈ ਸੀ। ਸੰਗਤਾਂ ਦੇ ਭਰਪੂਰ ਸਹਿਯੋਗ ਸਦਕਾ ਦੂਜੀ ਅਡੀਸ਼ਨ 20,000 ਛਪਵਾਈ ਗਈ ਅਤੇ ਤੀਜੀ ਛਪਣ ਦੀ ਤਿਆਰੀ ਹੈ।

ਬਿਪ੍ਰਵਾਦੀ ਸੋਚ ਵਾਲੇ ਸਿੱਖਾਂ ਕਾਰਨ ਕਤਲ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਹਾਲ ਕਰਵਾਉਣ ਲਈ ਵਿੱਢੀ ਮੁਹਿੰਮ ਨੂੰ ਤੇਜ ਕਰਨ ਵਾਸਤੇ ਸਿੱਖ ਸੰਗਤਾਂ ਨੂੰ ਕੈਲੰਡਰ ਸਬੰਧੀ ਜਾਣਕਾਰੀ ਦੇ ਕੇ ਜਾਗਰੂਕ ਕਰਨ ਲਈ ਹੁਣ ਇਹ ਕਿਤਾਬਚਾ "ਨਾਨਕਸ਼ਾਹੀ ਕੈਲੰਡਰ ਦੀ ਵਿਥਿਆ" 25,000 ਦੀ ਗਿਣਤੀ ਵਿਚ ਛਪਵਾਇਆ ਗਿਆ ਹੈ। ਇਸ ਕਿਤਬਾਚੇ ਨੂੰ ਖੁਲ੍ਹੇ ਰੂਪ ਵਿਚ ਵੰਡਣ ਲਈ ਗੁਰੂ ਕੀਆਂ ਸੰਗਤਾਂ ਸਹਿਯੋਗ ਦੇਣ ਅਤੇ ਸਤਿਗੁਰੂ ਜੀ ਬਲ ਬਖ਼ਸ਼ਣ।

**—ਭਾਈ ਪੰਥਪ੍ਰੀਤ ਸਿੰਘ**
**ਮੁੱਖ ਸੇਵਾਦਾਰ, 'ਗੁਰਮਤਿ ਸੇਵਾ ਲਹਿਰ' ਭਾਈ ਬਖਤੌਰ (ਬਠਿੰਡਾ)**
**ਫ਼ੋਨ (ਘਰ) 01655237377, (ਮੋਬਾ:) 9463212147**



ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਹਾਲ ਕਰਵਾਉਣ ਲਈ ਗੁਰਦੁਆਰਾ ਸਿੰਘ ਸਭਾ ਬਠਿੰਡਾ ਵਿਖੇ 16 ਜੁਲਾਈ 2013 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ: ਗੁਰਬਚਨ ਸਿੰਘ ਨੂੰ ਮੈਮੋਰੈਂਡਮ ਦਿੰਦੇ ਹੋਏ।